Punjab Government Gazette

Published by Authority

No. 26] CHANDIGARH, FRIDAY, JUNE 26, 2026 (ASADHA 5, 1948 SAKA)

PART II

Statutory Notifications and Republications from Gazette of India/Punjab

STATE ELECTION COMMISSION, PUNJAB

S.C.O. NO. 49, Sector-17 E, Chandigarh

NOTIFICATION

The 14th November, 2022

No. SEC-SAM-ET-2022/:1756.- In pursuance of the provisions of Section 93 of the Punjab State Election Commission Act, 1994 (Punjab Act No. 19 of 1994), the Election Commission hereby notifies the order of the Election Tribunal for general information.

ਬਾ-ਅਦਾਲਤ ਸ੍ਰੀ ਵਰਜੀਤ ਵਾਲੀਆ, ਆਈ.ਏ.ਐਸ. ਇਲੈਕਸ਼ਨ ਟ੍ਰਿਬਿਊਨਲ

-ਕਮ-ਉਪ ਮੰਡਲ ਮੈਜਿਸਟਰੇਟ ਬਰਨਾਲਾ

ਮਿਸਲ ਨੰ:	ਰਜੂਆ	ਫੈਸਲਾ	ਪਿੰਡ
09/ਚੋਣ ਪਟੀਸ਼ਨ	03.12.2019	11.12.2020	ਕਲਾਲਮਾਜਰਾ

ਨਛੱਤਰ ਸਿੰਘ ਉਮਰ ਕਰੀਬ 45 ਸਾਲ ਪੁੱਤਰ ਸ੍ਰੀ ਨੱਥਾ ਸਿੰਘ ਵਾਸੀ ਕਲਾਲਮਾਜਰਾ, ਤਹਿਸੀਲ ਵਾ ਜਿਲ੍ਹਾ ਬਰਨਾਲਾ।

ਪਟੀਸ਼ਨਰ.....

ਬਨਾਮ

1) ਗੁਰਪ੍ਰੀਤ ਸਿੰਘ ਪੁੱਤਰ ਸ੍ਰੀ ਪ੍ਰਕਾਸ਼ ਸਿੰਘ ਵਾਸੀ ਕਲਾਲ ਮਾਜਰਾ ਤਹਿ: ਵਾ ਜਿਲ੍ਹਾ ਬਰਨਾਲਾ 2) ਸ੍ਰੀ ਟਿੱਕਾ ਸਿੰਘ, ਪੀ.ਆਰ.ਓ., ਬੂਥ ਨੰ:64 ਵਾਰਡ ਨੰ:02 ਪਿੰਡ ਕਲਾਲ ਮਾਜਰਾ, ਤਹਿਸੀਲ ਵਾ ਜਿਲ੍ਹਾ ਬਰਨਾਲਾ ਸੁਪਰਵਾਈਜਰ, ਮਾਰਕੀਟ ਕਮੇਟੀ ਮਹਿਲਕਲ੍ਹਾਂ, ਜਿਲ੍ਹਾਂ ਬਰਨਾਲਾ 3) ਜ਼ਸਵੀਰ ਸਿੰਘ ਏ.ਪੀ.ਆਰ.ਓ. ਬੂਥ ਨੰ:64 ਪਿੰਡ ਕਲਾਲ ਮਾਜਰਾ, ਤਹਿ: ਵਾ ਜਿਲ੍ਹਾ ਬਰਨਾਲਾ ਹਾਲ ਮਾਮੂਰ ਬਤੌਰ ਟੀਚਰ, ਸਰਕਾਰੀ ਹਾਈ ਸਕੂਲ ਪਿੰਡ ਗਰੁਮ, ਤਹਿ: ਵਾ ਜਿਲ੍ਹਾ ਬਰਨਾਲਾ।

ਰਸਪਾਡੈਂਟਸ.....

ਪਟੀਸ਼ਨ ਜੇਰ ਦਫਾ 74 ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਬਰਾਏ ਮੰਨਸੂਖ ਕੀਏ ਜਾਣੇ ਚੋਣ ਰਸਪਾਡੈਂਟ ਨੰ:01 ਗੁਰਪ੍ਰੀਤ ਸਿੰਘ ਬਤੌਰ ਪੰਚ ਉਮੀਦਵਾਰ, ਵਾਰਡ ਨੰ:02 ਗਰਾਮ ਪੰਚਾਇਤ ਕਲਾਲ ਮਾਜਰਾ, ਤਹਿ: ਵਾ ਜਿਲ੍ਹਾ ਬਰਨਾਲਾ।

ਹਾਜ਼ਰ:- ਧਿਰਾਂ ਖੁਦ ਮਏ ਵਕੀਲ ਧਿਰਾਂ।

ਹੁਕਮ:-

ਇਸ ਕੇਸ ਦੇ ਸੰਖੇਪ ਹਾਲਾਤ ਇਸ ਪ੍ਰਕਾਰ ਹਨ। ਪਟੀਸ਼ਨਰ ਵੱਲੋਂ ਇਹ ਮੌਜੂਦਾ ਪਟੀਸ਼ਨ ਦਾਇਰ ਕਰਕੇ ਮੰਗ ਕੀਤੀ ਗਈ ਹੈ ਕਿ ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਦੀ ਚੋਣ ਬਤੌਰ ਪੰਚਾਇਤ ਮੈਂਬਰ ਵਾਰਡ ਨੰ:02 ਗ੍ਰਾਮ ਪੰਚਾਇਤ ਕਲਾਲ ਮਾਜਰਾ ਗਲਤ ਤੌਰ ਤੇ ਹੋਈ ਹੈ, ਇਸ ਲਈ ਰਸਪਾਡੰਟ ਨੰ:1 ਦੀ ਗਲਤ ਤੌਰ ਤੇ ਹੋਈ ਬਤੌਰ ਪੰਚਾਇਤ ਮੈਂਬਰ ਵਾਰਡ ਨੰ:2 ਰੱਦ ਫਰਮਾਈ ਜਾਵੇ ਅਤੇ ਮਿਤੀ 30-12-2018 ਨੂੰ ਹੋਈਆਂ ਪੰਚਾਇਤ ਚੋਣਾਂ ਵਿੱਚ ਪਟੀਸ਼ਨਰ ਨੂੰ ਵਾਰਡ ਨੰ:02 ਗਰਾਮ ਪੰਚਾਇਤ ਪਿੰਡ ਕਲਾਲ ਮਾਜਰਾ ਦਾ ਬਤੌਰ ਜੇਤੂ ਪੰਚ ਕਰਾਰ ਦਿੱਤੇ ਜਾਣ ਦਾ ਹੁਕਮ ਸ਼ਾਦਰ ਫਰਮਾਇਆ ਜਾਵੇ।

ਪਟੀਸ਼ਨਰ ਨੇ ਆਪਣੀ ਚੋਣ ਪਟੀਸ਼ਨ ਵਿੱਚ ਮੋਟੇ-2 ਤੌਰ ਤੇ ਲਿਖਿਆ ਹੈ ਕਿ ਪਟੀਸ਼ਨਰ ਪਿੰਡ ਕਲਾਲ ਮਾਜਰਾ ਤਹਿ: ਵਾ ਜਿਲ੍ਹਾ ਬਰਨਾਲਾ ਦਾ ਰਹਿਣ ਵਾਲਾ ਹੈ ਅਤੇ ਰਸਪਾਡੰਟ ਨੰ:1 ਹਾਲੀਆਂ ਪੰਚਾਇਤੀ ਚੋਣਾ ਮਿਤੀ 30-12-2018 ਨੂੰ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:02 ਦਾ ਗੈਰ-ਕਾਨੂੰਨੀ ਤੌਰ ਤੇ ਪੰਚ ਚੁਣਿਆ ਗਿਆ ਹੈ। ਜਿਸ ਦਾ ਚੋਣ ਨਿਸ਼ਾਨ ਹੱਥ ਰੇਹੜਾ ਸੀ। ਮਿਨ ਪਟੀਸ਼ਨਰ ਨੇ ਵੀ ਪੰਚ ਉਮੀਦਵਾਰ ਵਜੋਂ ਚੋਣ ਲੜੀ ਸੀ। ਜਿਸ ਬਾਬਤ ਮਿਨ ਪਟੀਸ਼ਨਰ ਦਾ ਚੋਣ ਨਿਸ਼ਾਨ ਬਿਸਕੁੱਟ ਸੀ। ਜਿਸ ਕਰਕੇ ਪਟੀਸ਼ਨਰ ਨੂੰ ਮੌਜੂਦਾ ਪਟੀਸ਼ਨ ਦਾਇਰ ਕਰਨ ਦਾ ਹੱਕ ਹਾਸਲ ਹੈ। ਪਟੀਸ਼ਨਰ ਨੂੰ ਬਾਕੀ ਉਮੀਦਵਾਰਾਂ ਦੇ ਮੁਕਾਬਲੇ ਸਭ ਤੋਂ ਵੱਧ ਵੋਟਾਂ ਯਾਨਿ ਕਿ 108 ਵੋਟਾਂ ਪੋਲ ਹੋਈਆਂ ਸਨ ਅਤੇ ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ 103 ਵੋਟਾਂ ਪਈਆਂ ਸਨ। ਜਿਸ ਕਾਰਨ ਮਿਨ ਪਟੀਸ਼ਨਰ ਨੂੰ ਜੇਤੂ ਐਲਾਨ ਕਰ ਦਿੱਤਾ ਗਿਆ ਸੀ ਅਤੇ ਇਸ ਬਾਬਤ ਰਸਪਾਡੈਟਾਨ ਨੰ:2-3 ਨੇ ਰਿਜਲਟ ਸਬੰਧੀ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਭਰ ਲਏ ਸਨ ਅਤੇ ਉਸ ਪਰ ਮਿਨ ਪਟੀਸ਼ਨਰ ਵਾ ਰਪਸਾਡੈਟਾਨ ਗਰਪ੍ਰੀਤ ਸਿੰਘ ਦੇ ਦਸਤਖਤ/ਅੰਗੂਠੇ ਕਰਵਾ ਲਏ ਗਏ ਸਨ। ਇਸ ਤੋਂ ਇਲਾਵਾ ਰਸਪਾਡੈਂਟ ਨੰ:1 ਨੇ ਵੀ ਰਸਪਾਡੈਟਾਨ ਨੰ:2-3 ਨੂੰ ਉਸ ਵਕਤ ਇੱਕ ਬਿਆਨ ਲਿਖ ਕੇ ਦਿੱਤਾ ਸੀ ਕਿ ਉਹ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:02 ਤੋਂ ਪੰਚ ਦੀ ਚੋਣ ਲੜ ਰਿਹਾ ਸੀ, ਜਿਸ ਵਿੱਚ ਉਸਨੂੰ ਕੁੱਲ 103 ਵੋਟਾਂ ਪਈਆਂ ਸਨ। ਜਦੋਂ ਰਸਪਾਡੰਟਸ ਨੰ:2-3 ਵਾ ਉਹਨਾਂ ਦੇ ਨਾਲ ਦੇ ਬਾਕੀ ਚੋਣ ਸਟਾਫ ਨੇ ਵੋਟਾਂ ਦਾ ਸਮਾਨ ਜਮ੍ਹਾਂ ਕਰਵਾਉਣਾ ਸੀ ਤਾਂ ਉਸ ਵਕਤ ਰਸਪਾਡੰਟਸ ਨੰ:2-3 ਪਾਸੋ ਉਕਤ ਦੋਵੇ ਅਸਲ ਫਾਰਮ ਬਾਕੀ ਦੇ ਕਾਗਜਾਤ ਵਿੱਚ ਰੁਲ ਗਏ, ਜਿੰਨਾਂ ਪਰ ਰਸਪਾਡੰਟਸ ਨੰ:2-3 ਵੱਲੋਂ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਕਰਵਾਏ ਗਏ ਸਨ। ਜਿਸਤੇ ਰਸਪਾਡੰਟਸ ਨੰ:2-3 ਵੱਲੋਂ ਜਲਦਬਾਜੀ ਵਿੱਚ ਦੁਬਾਰਾ ਰਿਜਲਟ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਭਰ ਲਏ ਗਏ, ਜਿਸ ਪਰ ਉਮੀਦਵਾਰਾਂ ਦਾ ਕੋਈ ਦਸਤਖਤ/ਅੰਗੂਠਾ ਵੀ ਨਾਂ ਹੈ ਅਤੇ ਇਸ ਜਲਦਬਾਜੀ ਵਿੱਚ ਉਨਾਂ ਵੱਲੋਂ ਵਾਰਡ ਨੰ:2 ਦੇ ਉਮੀਦਵਾਰ ਗੁਰਪ੍ਰੀਤ ਸਿੰਘ ਰਸਪਾਡੰਟ ਨੰ:1 ਨੂੰ 108 ਵੋਟਾਂ ਅਤੇ ਪਟੀਸ਼ਨਰ ਨਛੱਤਰ ਸਿੰਘ ਨੂੰ 103 ਵੋਟਾਂ ਦਿਖਾਕੇ, ਰਸਪਾਡੰਟ ਨੰ:1 ਨੂੰ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਅਸਲ ਵਿੱਚ 103 ਵੋਟਾਂ ਰਸਪਾਡੈਂਟ ਗੁਰਪ੍ਰੀਤ ਸਿਘ ਨੂੰ ਪਈਆਂ ਸਨ ਅਤੇ 108 ਵੋਟਾਂ ਮਿਨ ਪਟੀਸ਼ਨਰ ਨੂੰ ਪਈਆਂ ਸਨ। ਜਿਸ ਅਨੁਸਾਰ ਪਟੀਸ਼ਨਰ ਅਸਲ ਵਿੱਚ ਜੇਤੂ ਉਮੀਦਵਾਰ ਹੈ। ਉਸ ਤੋਂ ਬਾਅਦ ਪੀ.ਆਰ.ਓ. ਦੇ ਕਾਗਜਾਤ ਵਿੱਚੋ, ਰਸਪਾਡੈਟਸ ਨੰਬਰ:2-3 ਵੱਲੋ ਪਹਿਲਾਂ ਭਰੇ ਹੋਏ ਅੰਤਿਕਾ-IX ਅਤੇ ਫਾਰਮ ਨੰ:09 ਵੀ ਮਿਲ ਗਏ, ਜਿੰਨਾਂ ਪਰ ਮਿਨ ਪਟੀਸ਼ਨਰ, ਰਸਪਾਡੈਟ ਨੰ:01 ਵਾ ਦੀਗਰ ਉਮੀਦਵਾਰਾਂ ਦੇ ਦਸਤਖਤ/ਅਗੂੰਠੇ ਕਰਵਾਏ ਹੋਏ ਸਨ। ਜਿਸ ਤੇ ਰਸਪਾਡੰਟਸ ਨੰ:2-3 ਵੱਲੋਂ ਜਿਲ੍ਹਾ ਇਲੈਕਟਰੋਲ ਅਫਸਰ ਕਮ-ਡਿਪਟੀ ਕਮਿਸ਼ਨਰ ਬਰਨਾਲਾ ਯਾਨਿਕਿ ਅਦਾਲਤ ਜਨਾਬ ਬਾਲਾ ਨੂੰ, ਬੂਥ ਨੰ:64 ਦੇ ਵਾਰਡ ਨੰ:02 ਪਿੰਡ ਕਲਾਲ ਮਾਜਰਾ ਵਿੱਚ ਪੰਚ ਦੇ ਰਿਜਲਟ ਦੀ ਦਰੁਸਤੀ ਸਬੰਧੀ ਦਰਖਾਸਤ ਵੀ ਦਿੱਤੀ ਗਈ, ਜਿਸਤੇ ਇਲੈਕਟਰੋਲ ਅਫਸਰ ਕਮ-ਡਿਪਟੀ ਕਮਿਸ਼ਨਰ ਬਰਨਾਲਾ ਵੱਲੋਂ ਪੱਤਰ ਨੰ:3227-28 ਮਿਤੀ 15-02-2019 ਰਾਜ ਚੋਣ ਕਮਿਸ਼ਨ, ਪੰਜਾਬ ਚੰਡੀਗੜ ਅਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਪੰਜਾਬ, ਐਸ.ਏ.ਐਸ. ਨਗਰ ਮੋਹਾਲੀ ਨੂੰ ਲਿਖਕਰ, ਉਕਤ ਰਿਜਲਟ ਵਿੱਚ ਦਰੁਸਤੀ ਕਰਨ ਅਤੇ ਨੋਟੀਫਿਕੇਸ਼ਨ ਵਿੱਚ ਲੋੜੀਂਦੀ ਸੋਧ ਕਰਨ ਦੀ ਪ੍ਰਵਾਨਗੀ ਮੰਗੀ। ਸਟੇਟ ਇਲੈਕਸ਼ਨ ਕਮਿਸ਼ਨ ਪੰਜਾਬ ਵੱਲੋਂ ਉਕਤ ਪੱਤਰ ਮਿਤੀ 15-02-2019 ਸਬੰਧੀ, ਡਿਪਟੀ ਕਮਿਸ਼ਨਰ ਕਮ-ਜਿਲ੍ਹਾ ਇਲੈਕਟਰੋਲ ਅਫਸਰ ਬਰਨਾਲਾ ਨੂੰ ਆਪਣੇ ਪੱਤਰ ਮੀਮੋ ਨੰ:SEC-SA-2019/1606 Dated 08-03-2019 ਰਾਹੀਂ ਰਿਜਲਟ ਮਜਕੂਰ ਠੀਕ ਕਰਨ ਸਬੰਧੀ ਸਿਰਫ ਇਲੈਕਸ਼ਨ ਪਟੀਸ਼ਨ ਦਾਇਰ ਕੀਤਾ ਜਾਣਾ ਹੀ ਹੱਲ ਦੱਸਿਆ ਗਿਆ। ਇਸ ਪੱਤਰ ਸਬੰਧੀ ਮਿਨ ਪਟੀਸ਼ਨਰ ਨੂੰ ਕਿਸੇ ਵੀ ਸਬੰਧਤ ਅਧਿਕਾਰੀ ਵੱਲੋਂ ਕਿਸੇ ਵੀ ਤਰ੍ਹਾਂ ਨਾਲ ਕੋਈ ਸੂਚਨਾ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਪੱਤਰ ਜਾਰੀ ਕੀਤਾ ਗਿਆ। ਜਿਸਤੇ ਮਿਨ ਪਟੀਸ਼ਨਰ ਨੇ ਜੇਤੂ ਸਰਟੀਫਿਕੇਟ ਲੈਣ ਲਈ ਇੱਕ ਦਰਖਾਸਤ ਆਪ ਜੀ ਪਾਸ ਦਿੱਤੀ, ਜਿਸ ਤੇ ਵਧੀਕ ਜਿਲ੍ਹਾ ਇਲੈਕਟਰੋਲ ਅਫਸਰ ਕਮ-ਵਧੀਕ ਡਿਪਟੀ ਕਮਿਸ਼ਨਰ (ਵਿ) ਬਰਨਾਲਾ ਵੱਲੋਂ ਸਟੇਟ ਇਲੈਕਸ਼ਨ ਕਮਿਸ਼ਨਰ ਪੰਜਾਬ ਦੇ ਪੱਤਰ ਮੀਮੋ

ਨੰਬਰ: SEC-SA-2019/1606 Dated Chandigarh the 08-03-2019 ਦਾ ਹਵਾਲਾ ਦਿੰਦੇ ਹੋਏ, ਆਪਣੇ ਪੱਤਰ ਨੰ:1245 ਮਿਤੀ 07-11-2019 ਰਾਹੀ ਮਿਨ ਪਟੀਸ਼ਨਰ ਨੂੰ ਦੱਸਿਆ ਗਿਆ ਕਿ ਰਿਜਲਟ ਵਿੱਚ ਸੋਧ ਕੀਤੀ ਜਾਣ ਲਈ ਇਲੈਕਸ਼ਨ ਪਟੀਸ਼ਨ ਹੀ ਕੀਤੀ ਜਾ ਸਕਦੀ ਹੈ। ਜਿਸ ਕਾਰਨ ਮੌਜੂਦਾ ਪਟੀਸ਼ਨ ਕੀਤੀ ਜਾ ਰਹੀ ਹੈ। ਇਸ ਦੇ ਸਹੀ ਫੈਸਲਾ ਲਈ ਰਿਜਲਟ ਮਜਕੂਰ ਤਲਬ ਕੀਤਾ ਜਾਣਾ ਵਾਜਬ ਹੈ। ਉਕਤ ਸਾਰੇ ਵਾਕਿਆਤ ਤੋ ਇਹ ਸਾਫ ਸਾਬਤ ਹੈ ਕਿ ਹਾਲੀਆ ਪੰਚਾਇਤੀ ਚੋਣਾਂ ਵਿੱਚ ਪਟੀਸ਼ਨਰ ਨੂੰ ਬਤੌਰ ਪੰਚ 108 ਵੋਟਾਂ ਪੋਲ ਹੋਣ ਕਾਰਨ, ਮਿਨ ਪਟੀਸ਼ਨਰ ਜੇਤੂ ਹੋਇਆ ਹੈ। ਜਿਸ ਦੀ ਬਾਬਤ ਮੌਕਾ ਪਰ ਰਿਜਲਟ ਵੀ ਤਿਆਰ ਕੀਤਾ ਗਿਆ ਸੀ, ਜ਼ੋ ਗੁੰਮ ਹੋ ਜਾਣ ਕਾਰਨ, ਰਸਪਾਡੈਂਟਸ ਨੰ:2-3 ਵੱਲੋਂ ਜਲਦਬਾਜੀ ਵਿੱਚ ਗਲਤ ਰਿਜਲਟ ਤਿਆਰ ਕਰਕੇ ਰਸਪਾਡੈਂਟ ਨੰ:1 ਨੂੰ ਖਿਲਾਫ ਕਾਨੂੰਨ, ਖਿਲਾਫ ਵਾਕਿਆਤ ਜੇਤੂ ਕਰਾਰ ਦੇ ਦਿੱਤਾ ਸੀ, ਜਿਸ ਬਾਰੇ ਰਸਪਾਡੈਂਟਸ ਨੰ:2-3 ਨੇ ਆਪਣੀ ਗਲਤੀ ਮੰਨਦੇ ਹੋਏ, ਇਸ ਦੇ ਸੁਧਾਰ ਲਈ ਯਾਨਿ ਕਿ ਰਿਜਲਟ ਵਿੱਚ ਸੋਧ ਕੀਤੇ ਜਾਣ ਲਈ ਆਪਣੇ ਤੌਰ ਤੇ ਬਣਦੀ ਕਾਰਵਾਈ ਵੀ ਕੀਤੀ। ਇਸ ਸਾਰੀ ਕਾਰਵਾਈ ਵਿੱਚ ਇਲੈਕਸ਼ਨ ਪਟੀਸ਼ਨ ਦਾਇਰ ਕੀਤੀ ਜਾਣ ਦਾ ਹੀ ਸਿੱਟਾ ਨਿਕਲਿਆ। ਇਸ ਲਈ ਮਿਨ ਪਟੀਸ਼ਨਰ ਨੂੰ ਬਤੌਰ ਪੰਚ ਜੇਤੂ ਕਰਾਰ ਦਿੱਤਾ ਜਾਣਾ ਵਾਜਬ ਹੈ। ਏਥੇ ਇਹ ਵੀ ਵਰਣਨਯੋਗ ਹੈ ਕਿ ਸਹੁੰ ਚੁੱਕ ਸਮਾਗਮ ਵਿੱਚ ਮਿਨ ਪਟੀਸ਼ਨਰ ਨੂੰ ਬਤੌਰ ਜੇਤੂ ਪੰਚ, ਗਰਾਮ ਪੰਚਾਇਤ ਕਲਾਲ ਮਾਜਰਾ ਵਾਰਡ ਨੰ:02 ਵਜੋ ਸਹੁੰ ਵੀ ਚੁਕਵਾਈ ਜਾ ਚੁੱਕੀ ਹੈ। ਲਿਹਾਜਾ ਪਟੀਸ਼ਨ ਮੁੰਦਰਜਾ ਅਨਵਾਨ ਪੇਸ਼ ਕਰਕੇ ਬੇਨਤੀ ਹੈ ਕਿ ਬਮੰਨਜ਼ੂਰੀ ਪਟੀਸ਼ਨ, ਰਸਪਾਡੈਂਟ ਨੰ:01 ਦੀ ਪੰਚ ਦੀ ਚੋਣ ਰੱਦ ਫਰਮਾਈ, ਜਾਕਰ, ਮਿਨ ਪਟੀਸ਼ਨਰ ਨੂੰ ਬਤੌਰ ਪੰਚ, ਵਾਰਡ ਨੰ:02 ਗਰਾਮ ਪੰਚਾਇਤ ਕਲਾਲ ਮਾਜਰਾ ਜੇਤੂ ਕਰਾਰ ਦਿੱਤੇ ਜਾਣ ਦਾ ਹੁਕਮ ਸਾਦਰ ਫਰਮਾਇਆ ਜਾਏ।

ਮੌਜੂਦਾ ਚੋਣ ਪਟੀਸ਼ਨ ਪ੍ਰਾਪਤ ਹੋਣ ਤੇ ਦਰਜ ਰਜਿਸਟਰ ਕੀਤੀ ਗਈ ਅਤੇ ਰਸਪਾਡੰਟਸ ਤਲਬੀ ਲਈ ਸੰਮਨ ਜਾਰੀ ਕੀਤੇ ਗਏ। ਮਿਤੀ 23-12-2019 ਨੂੰ ਰਸਪਾਡੰਟਸ ਨੰ: 1) ਗੁਰਪ੍ਰੀਤ ਸਿੰਘ 2) ਟਿੱਕਾ ਸਿੰਘ 3) ਜ਼ਸਵੀਰ ਸਿੰਘ ਹਾਜਰ ਅਦਾਲਤ ਆਏ। ਹਾਜ਼ਰ ਧਿਰਾਂ ਨੂੰ ਸੁਨਣ ਉਪਰੰਤ ਰਸਪਾਡੰਟਸ ਧਿਰ ਨੂੰ ਚੋਣ ਪਟੀਸ਼ਨ ਦਾ ਲਿਖਤੀ ਜਵਾਬ ਪੇਸ਼ ਕਰਨ ਦੀ ਹਦਾਇਤ ਕੀਤੀ ਗਈ। ਮਿਤੀ 04-03-2020 ਨੂੰ ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਦੀ ਤਰਫੋ ਕੇਸ ਦੀ ਪੈਰਵਾਈ ਲਈ ਵਕੀਲ ਸ੍ਰੀ ਯੋਗੇਸ ਗੁਪਤਾ ਨੇ ਵਕਾਲਤਨਾਮਾ ਪੇਸ਼ ਕੀਤਾ। ਰਸਪਾਡੰਟਸ ਨੰ:2 ਅਤੇ 3 ਦੀ ਤਰਫੋ ਵਕੀਲ ਸ੍ਰੀ ਪ੍ਰਮਿੰਦਰ ਸਿੰਘ ਗਿੱਲ ਨੇ ਵਕਾਲਤਨਾਮਾ ਪੇਸ਼ ਕਰਕੇ ਰਸਪਾਡੰਟਸ ਨੰ:2 ਅਤੇ 3 ਦੀ ਤਰਫੋ ਪਟੀਸ਼ਨ ਦਾ ਲਿਖਤੀ ਜਵਾਬ ਪੇਸ਼ ਕੀਤਾ।

ਰਸਪਾਡੰਟਸ ਨੰ:2 ਅਤੇ 3 ਨੇ ਪਟੀਸ਼ਨਰ ਵੱਲੋਂ ਦਾਇਰ ਪਟੀਸ਼ਨ ਦਾ ਪੈਰ੍ਹਾਂ ਵਾਇਜ ਜਵਾਬ ਵਿੱਚ ਲਿਖਿਆ ਕਿ ਜਿਮਨ ਨੰ:01 ਪਟੀਸ਼ਨ ਜਵਾਬ ਕੀ ਮੋਹਤਾਜ ਨਹੀਂ। ਜਿਮਨ ਨੰ:2) ਪਟੀਸ਼ਨ ਦਾ ਇਹ ਹਿੱਸਾ ਕਿ ਪੰਚਾਇਤੀ ਚੋਣ ਵਿੱਚ ਬਤੌਰ ਪੰਚ ਪਟੀਸ਼ਨਰ ਨੂੰ 108 ਵੋਟਾਂ ਪੋਲ ਹੋਈਆਂ ਸਨ ਅਤੇ ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ 103 ਵੋਟਾਂ ਪਈਆਂ ਸਨ ਅਤੇ ਇਸ ਬਾਬਤ ਮਿਨ ਰਸਪਾਡੈਟਾਨ ਨੰ:2-3 ਨੇ ਰਿਜਲਟ ਸਬੰਧੀ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਭਰ ਲਏ ਸਨ, ਦਰੁਸਤ ਤਸਲੀਮ ਹੈ ਪਰ ਪਟੀਸ਼ਨਰ ਵਾ ਰਸਪਾਡੈਟ ਗੁਰਪ੍ਰੀਤ ਸਿੰਘ ਦੇ ਦਸਤਖਤ/ਅੰਗੂਠੇ ਕਰਵਾ ਲਏ ਗਏ ਸਨ, ਦਰੁਸਤ ਤਸਲੀਮ ਹੈ, ਬਾਕੀ ਹਿੱਸਾ ਜਿਮਨ ਪਟੀਸ਼ਨ ਸੇ ਇਨਕਾਰ ਹੈ। ਮਜੀਜ ਅਰਜ ਹੈ ਕਿ ਉਕਤ ਵੋਟਾਂ ਦਾ ਸਾਰਾ ਅਸਲ ਰਿਕਾਰਡ ਮਿਨ ਮਸੂਲਇਲਮ ਨੇ ਮਾਨਯੋਗ ਜਿਲ੍ਹਾ ਚੋਣ ਅਫਸਰ ਕਮ-ਡਿਪਟੀ ਕਮਿਸ਼ਨਰ ਬਰਨਾਲਾ ਪਾਸ ਜਮ੍ਹਾਂ ਕਰਵਾ ਦਿੱਤਾ ਸੀ। ਜਿਮਨ ਨੰ:3,4,5 ਦੇ ਜਵਾਬ ਵਿੱਚ ਲਿਖਿਆ ਹੈ ਕਿ ਪਟੀਸ਼ਨ ਜਵਾਬ ਕੀ ਮੋਹਤਾਜ ਨਹੀ। ਨੰ:6 ਬਾਰੇ ਲਿਖਿਆ ਹੈ ਕਿ ਪਟੀਸ਼ਨ ਸੇ ਬਵਜਾਹ ਲਾਇਲਮੀ ਇਨਕਾਰ ਹੈ। ਜਿਮਨ ਪਟੀਸ਼ਨ ਹਜਾ ਮੁਤੱਲਕਾ ਮਿਨ ਰਸਪਾਡੈਟਾਨ ਨਾ ਹੈ। ਨੰ:7) ਪਟੀਸ਼ਨ ਜਵਾਬ ਕੀ ਮੋਹਤਾਜ ਨਹੀ ਪਰ ਪਟੀਸ਼ਨ ਦੇ ਇਸ ਹਿੱਸਾ ਤੋ ਬਵਜਾਹ ਲਾਇਲਮੀ ਇਨਕਾਰ ਹੈ ਕਿ ਸਹੁੰ ਚੁੱਕ ਸਮਾਗਮ ਵਿੱਚ ਪਟੀਸ਼ਨਰ ਨੂੰ ਬਤੌਰ ਜੇਤੂ ਪੰਚ ਵਜੋਂ ਸਹੁੰ ਚੁਕਵਾਈ ਜਾ ਚੁੱਕੀ ਹੈ। ਜਿਮਨ ਨੰ:8,9 ਬਾਰੇ ਲਿਖਿਆ ਹੈ ਕਿ ਜਵਾਬ ਦੀ ਲੋੜ ਨਹੀਂ।

ਮਿਤੀ 19-09-2020 ਨੂੰ ਰਸਪਾਡੰਟ ਨੰ:1 ਦੇ ਵਕੀਲ ਨੇ ਪਟੀਸ਼ਨ ਦਾ ਲਿਖਤੀ ਜਵਾਬ ਪੇਸ਼ ਕੀਤਾ ਅਤੇ ਆਪਣੇ ਲਿਖਤੀ ਜਵਾਬ ਦੇ ਪੈਰ੍ਹਾਂ ਕਾਨੂੰਨੀ ਉਜਰਾਤ ਵਿੱਚ ਲਿਖਿਆ ਕਿ ਪਟੀਸ਼ਨ ਦਹਿੰਦਾ ਪਟੀਸ਼ਨਰ ਨੂੰ ਮੌਜੂਦਾ ਪਟੀਸ਼ਨ ਦਾਇਰ ਕਰਨ ਲਈ ਕੋਈ ਲੋਕਸ ਸਟੈਂਡਆਈ ਅਤੇ ਬਿਨਾਏ ਪਟੀਸ਼ਨ ਹਾਸਲ ਨਾਂ ਹੈ। ਇਸ ਲਈ ਪਟੀਸ਼ਨ ਹਜਾ ਕਾਬਲੇ ਅਖ਼ਰਾਜ ਹੈ। ਪਟੀਸ਼ਨ ਹਜਾ ਅੰਦਰ ਮਿਆਦ ਨਾ ਹੈ, ਕਿਉਂਕਿ ਪਟੀਸ਼ਨਰ ਨੇ ਪੰਚਾਇਤੀ ਚੋਣਾਂ ਮਿਤੀ 30-12-2018 ਦੇ ਖਿਲਾਫ ਮੌਜੂਦਾ ਪਟੀਸ਼ਨ ਦਾਇਰ ਕੀਤੀ ਹੈ, ਜ਼ੋ ਕਿ ਮਿਤੀ 29-11-2019 ਕੋ ਦਾਇਰ ਕੀਤੀ ਗਈ ਹੈ। ਇਸ ਲਈ ਪਟੀਸ਼ਨ ਕਾਬਲੇ ਅਖ਼ਰਾਜ ਹੈ। ਪਟੀਸ਼ਨ ਹਜਾ ਸਰਾਸਰ ਗਲਤ ਵਾ ਝੂਠੇ ਵਾਕਿਆਤ ਦੇ ਆਧਾਰ ਤੇ ਦਾਇਰ ਕੀਤੀ ਗਈ ਹੈ। ਇਸ ਲਈ ਮਿਨ ਰਸਪਾਡੈਟ ਅਜਾਂ ਪਟੀਸ਼ਨਰ ਜੋਰ ਦਫਾ 35-ਏ ਸੀਪੀਸੀ ਤੈਹਿਤ ਮੁ:50000/-ਰੁਪਏ ਬਤੌਰ ਸਪੈਸ਼ਲ ਕੋਸ਼ਟ ਦਿਲਾ ਪਾਨੇ ਕਾ ਮੁਸ਼ਤਹਿਕ ਵ ਮਜਾਜ ਹੈ। ਜਵਾਬ ਵਾਕਿਆਤੀ ਵਿੱਚ ਲਿਖਿਆ ਹੈ ਕਿ ਪਟੀਸ਼ਨ ਦਾ ਇਹ ਹਿੱਸਾ ਦਰੁਸਤ ਹੈ ਕਿ ਪਟੀਸ਼ਨਰ ਪਿੰਡ ਕਲਾਲ ਮਾਜਰਾ ਦਾ ਰਹਿਣ ਵਾਲਾ ਹੈ। ਬਾਕੀ ਹਿੱਸਾ ਜਿਮਨ ਸੇ ਇਨਕਾਰ ਹੈ। ਕਤਈ ਇਨਕਾਰ ਹੈ ਕਿ ਰਸਪਾਡੈਂਟ ਨੰ:1 ਨੂੰ ਹਾਲੀਆ ਪੰਚਾਇਤੀ ਚੋਣਾਂ ਮਿਤੀ 30-12-2018 ਨੂੰ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:2 ਦਾ ਗੈਰਕਾਨੂੰਨੀ ਤੌਰ ਤੇ ਪੰਚ ਚੁਣਿਆ ਗਿਆ ਹੈ। ਮਿਨ ਰਸਪਾਡੰਟ ਨੰ:1 ਨੂੰ ਕੁੱਲ 108 ਵੋਟਾਂ ਅਤੇ ਮੌਜੂਦਾ ਪਟੀਸ਼ਨਰ ਨੂੰ 103 ਵੋਟਾਂ ਪਈਆਂ ਕਰਾਰ ਪਾਇਆ ਗਿਆ। ਇਸ ਤਰ੍ਹਾਂ ਮਿਨ ਰਸਪਾਡੈਂਟ ਨੰ:1 ਇਹਨਾਂ ਵੋਟਾਂ ਵਿੱਚ ਜੇਤੂ ਰਿਹਾ। ਜਿਸ ਬਾਰੇ ਬਾਅਦ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੁੰ ਚੁਕਾਉਣ ਲਈ ਮਿਨ ਰਸਪਾਡੈਂਟ ਨੰ;1 ਨੂੰ ਇੱਕ ਪੱਤਰ ਵੀ ਜਾਰੀ ਕੀਤਾ ਗਿਆ। ਜਿਸ ਅਨੁਸਾਰ ਮਿਨ ਰਸਪਾਡੈਂਟ ਨੇ ਸਹੁੰ ਵੀ ਚੁੱਕੀ। ਇੱਥੇ ਜਨਾਬ ਵਾਲਾ ਦੇ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਉਕਤ ਪਟੀਸ਼ਨਰ ਇੱਕ ਝਗੜਾਲੂ ਕਿਸਮ ਦਾ ਆਦਮੀ ਹੈ, ਜ਼ੋ ਕਿ ਸ਼ੁਰੂ ਤੋਂ ਹੀ ਪਿੰਡ ਦੇ ਕੰਮਾਂ ਵਿੱਚ ਰੁਕਾਵਟਾਂ ਵਗੈਰਾ ਪੈਦਾ ਕਰਦਾ ਆ ਰਿਹਾ ਹੈ ਅਤੇ ਹੁਣ ਵੀ ਉਕਤ ਸ਼ਖਸ ਨੇ ਮੌਜੂਦਾ ਪਟੀਸ਼ਨਰ ਦੀ ਆੜ ਵਿੱਚ ਪਿੰਡ ਦੇ ਵਿਕਾਸ ਕਾਰਜ ਰੋਕ ਰੱਖੇ ਹਨ। ਮਿਨ ਰਸਪਾਡੈਂਟ ਨੇ ਇੱਕ ਦਰਖਾਸਤ ਮਿਤੀ 16-07-2019 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ ਬਰਨਾਲਾ ਪਾਸ ਦਿੱਤੀ ਸੀ ਕਿ ਰਸਪਾਡੈਂਟ ਦੇ ਹੱਕ ਵਿੱਚ ਜੇਤੂ ਉਮੀਦਵਾਰ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ ਜਿਸ ਦੀ ਕਾਪੀ ਇਸ ਜਵਾਬ ਨਾਲ ਨੱਥੀ ਹੈ। ਮੌਜੂਦਾ ਪਟੀਸ਼ਨਰ, ਮੌਜੂਦਾ ਪਟੀਸ਼ਨ ਦੀ ਆੜ ਵਿੱਚ ਮਿਨ ਰਸਪਾਡੈਂਟ ਪਰ ਨਜਾਇਜ ਦਬਾਓ ਪਾਉਣਾ ਚਾਹੁੰਦਾ ਹੈ। ਜਿਸ ਦਾ ਉਸ ਨੂੰ ਕੋਈ ਹੱਕ ਹਾਸਲ ਨਾ ਹੈ। ਜਿਮਨ ਨੰ:2 ਸੇ ਕਤਈ ਇਨਕਾਰ ਹੈ। ਇਸ ਤੋਂ ਇਨਕਾਰ ਹੈ ਕਿ ਪਟੀਸ਼ਨਰ ਨੂੰ ਕੋਈ 108 ਵੋਟਾ ਪੋਲ ਹੋਈਆਂ ਹੋਣ ਜਾਂ ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ ਸਿਰਫ 103 ਵੋਟਾਂ ਪੋਲ ਹੋਈਆਂ ਹੋਣ। ਮਜੀਦ ਅਰਜ ਹੈ ਕਿ ਵੋਟਾਂ ਦੀ ਗਿਣਤੀ ਤੋਂ ਬਾਅਦ ਸਹਿਬਨ ਗਲਤੀ ਨਾਲ ਮੌਜੂਦਾ ਪਟੀਸ਼ਨਰ ਨੇ ਮੌਜੂਦਾ ਪਟੀਸ਼ਨ ਦਾਇਰ ਕੀਤੀ ਹੈ। ਹੋਰ ਮਜੀਦ ਅਰਜ ਹੈ ਕਿ ਅਗਰਚੇ ਮੌਜੂਦਾ ਪਟੀਸ਼ਨਰ ਨੇ ਮੌਜੂਦਾ ਪਟੀਸ਼ਨ ਮਿਤੀ 29-11-2019 ਨੂੰ ਦਾਇਰ ਕੀਤੀ ਹੈ, ਜ਼ੋ ਕਿ ਵੋਟਾਂ ਦੇ ਫੈਸਲੇ ਤੋਂ ਤਕਰੀਬਨ 10 ਮਹੀਨੇ ਬਾਅਦ ਦਾਇਰ ਕੀਤੀ ਹੈ। ਜਿਸ ਤੋਂ ਬਾਖੂਬੀ ਸਾਬਤ ਹੈ ਕਿ ਮੌਜੂਦਾ ਪਟੀਸ਼ਨਰ ਸਿਰਫ ਤੇ ਸਿਰਫ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਰੁਕਾਵਟ ਪਾਉਣਾ ਚਾਹੁੰਦਾ ਹੈ ਅਤੇ ਜਿਸ ਨੀਅਤ ਨਾਲ ਹੀ ਅਤੇ ਮਿਨ ਰਸਪਾਡੈਂਟ ਪਰ ਦਬਾਓ ਪਾਉਣ ਦੀ ਗਰਜ ਨਾਲ ਹੀ ਪਟੀਸ਼ਨਰ ਨੇ ਮੌਜੂਦਾ ਪਟੀਸ਼ਨ ਦਾਇਰ ਅਦਾਲਤ ਜਨਾਬ ਵਾਲਾ ਕੀਤੀ ਹੈ। ਮਿਨ ਰਸਪਾਡੈਂਟ ਨੰ:1 ਵੱਲੋਂ ਕੋਈ ਜਾਹਰ ਕਰਦਾ ਬਿਆਨ ਕਦੇ ਵੀ ਲਿਖ ਕੇ ਨਹੀਂ ਦਿੱਤਾ ਗਿਆ। ਜਿਮਨ ਨੰ:3 ਪਟੀਸ਼ਨ ਸੇ ਕਤਈ ਇਨਕਾਰ ਹੈ। ਵੋਟਾਂ ਦੀ ਗਿਣਤੀ ਬਕਾਇਦਾ ਪਿੰਡ ਦੇ ਪੰਤਵੰਤੇ ਸੱਜਣਾਂ ਦੀ ਹਾਜਰੀ ਵਿੱਚ ਕੀਤੀ ਗਈ ਸੀ ਅਤੇ ਇਹਨਾਂ ਦੀ ਹਾਜਰੀ ਵਿੱਚ ਹੀ ਮਿਨ ਰਸਪਾਡੈਂਟ ਨੰ:01 ਨੂੰ 108 ਵੋਟਾਂ ਅਤੇ ਪਟੀਸ਼ਨਰ ਨੂੰ 104 ਵੋਟਾਂ ਪੈਣੀਆਂ ਕਰਾਰ ਪਾਇਆ ਗਿਆ ਸੀ ਅਤੇ ਮਿਨ ਰਸਪਾਡੈਂਟ ਇਹਨਾਂ ਇਲੈਕਸ਼ਨਜ ਵਿੱਚ ਜੇਤੂ ਕਰਾਰ ਦਿੱਤਾ ਗਿਆ ਸੀ। ਪਟੀਸ਼ਨਰ ਕੋਈ ਜੇਤੂ ਉਮੀਦਵਾਰ ਨਾ ਹੈ ਅਤੇ ਨਾ ਹੀ ਉਸ ਨੂੰ ਕਦੇ ਕੋਈ 108 ਵੋਟਾਂ ਪਈਆਂ ਹਨ।

ਜਿਮਨ ਨੰ:4,5,6,7,8 ਮੇ ਕਤਈ ਇਨਕਾਰ ਹੈ। ਪਟੀਸ਼ਨਰ ਵੱਲੋਂ ਜਾਹਰ ਕਰਦਾ ਦਰਖਾਸਤਬਾਜੀ ਸਿਰਫ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਰੁਕਾਵਟ ਪੈਦਾ ਕਰਨ ਦੀ ਨੀਅਤ ਨਾਲ ਕੀਤੀ ਗਈ ਹੈ। ਜਾਹਰ ਕਰਦਾ ਕੋਈ 108 ਵੋਟਾਂ ਪਟੀਸ਼ਨਰ ਨੂੰ ਨਹੀ ਪਾਈਆ ਵਾ ਨਾ ਹੀ ਉਹ ਕਦੇ ਜੇਤੂ ਕਰਾਰ ਦਿੱਤਾ ਗਿਆ ਹੈ। ਰਸਪਾਡੰਟ ਨੰ:1 ਨੇ ਲਿਖਤੀ ਜਵਾਬ ਜਵਾਬ ਪੇਸ਼ ਕਰਕੇ ਪਟੀਸ਼ਨ ਹਜਾ ਸਮੇਤ ਖਰਚਾ ਖਾਰਜ ਫਰਮਾਏ ਜਾਣ ਅਤੇ ਰਸਪਾਡੈਂਟ ਨੰ:1 ਨੂੰ ਪਟੀਸ਼ਨਰ ਪਾਸੋ ਸਪੈਸ਼ਲ ਕਾਸਟ ਦਿਲਾਈ ਜਾਣ ਦੀ ਮੰਗ ਕੀਤੀ।

ਮਿਤੀ 29-09-2020 ਨੂੰ ਰਸਪਾਡੰਟ ਧਿਰ ਵੱਲੋਂ ਪੇਸ਼ ਕੀਤੇ ਪਟੀਸ਼ਨ ਜਵਾਬ ਦੇ ਸਬੰਧ ਵਿੱਚ ਵਕੀਲ ਪਟੀਸ਼ਨਰ ਨੇ ਜਵਾਬ-ਉੱਲ-ਜਵਾਬ ਪੇਸ਼ ਕੀਤਾ। ਰਸਪਾਡੈਂਟ ਨੰ:2 ਅਤੇ 3 ਨੇ ਭੀ ਆਪਣਾ ਜਵਾਬ-ਉੱਲ-ਜਵਾਬ ਪੇਸ ਕੀਤਾ। ਵਕੀਲ ਪਟੀਸ਼ਨਰ ਨੇ ਦਰਖਾਸਤ ਪੇਸ ਕਰਕੇ ਅਸਲ ਰਿਜਲਟ ਰਿਕਾਹੜ ਤਲਬ ਕਰਨ ਦੀ ਮੰਗ ਕੀਤੀ, ਜ਼ੋ ਕਿ ਦਰਖਾਸਤ ਮੰਨਜੂਰ ਕਰਦੇ ਹੋਏ ਅਸਲ ਰਿਜਲਟ ਰਿਕਾਰਡ ਤਲਬ ਕਰਨ ਦਾ ਹੁਕਮ ਕੀਤਾ ਗਿਆ।

ਮਿਤੀ 09-10-2020 ਨੂੰ ਵਧੀਕ ਡਿਪਟੀ ਕਮਿਸ਼ਨਰ (ਵਿ) ਬਰਨਾਲਾ ਜੀ ਦੇ ਦਫਤਰ ਤੋਂ ਸ੍ਰੀ ਗੁਰਪ੍ਰੀਤ ਸਿੰਘ ਟੈਕਸ ਕੁਲੈਕਟਰ ਪੰਚਾਇਤ ਸੰਮਤੀ, ਮਏ ਰਿਕਾਰਡ ਹਾਜਰ ਅਦਾਲਤ ਆਇਆ ਅਤੇ ਅਸਲ ਰਿਜਲਟ ਰਿਕਾਰਡ ਪੇਸ਼ ਕਰਕੇ, ਆਪਣਾ ਬਿਆਨ ਦਰਜ ਕਰਵਾਇਆ। ਸ੍ਰੀ ਗੁਰਪ੍ਰੀਤ ਸਿੰਘ ਦੇ ਬਿਆਨ ਤੇ ਵਕੀਲ ਰਸਪਾਡੰਟ ਨੰ:1 ਦੀ ਤਰਫੋ ਬਹਿਸ ਮੁਕੰਮਲ ਕੀਤੀ ਗਈ। ਸ੍ਰੀ ਟਿੱਕਾ ਸਿੰਘ ਸੁਪਰਵਾਈਜਰ (ਪ੍ਰਜਾਈਡਿੰਗ ਅਫਸਰ) ਮਾਰਕਿਟ ਕਮੇਟੀ ਮਹਿਲਕਲਾਂ ਨੇ ਆਪਣਾ ਬਿਆਨ ਦਰਜ ਕਰਵਾਕੇ ਆਪਣਾ ਤਸਦੀਕ ਸੁਦਾ ਬਿਆਨ ਹਲਫੀਆ EXRW1/A ਪੇਸ਼ ਕੀਤਾ। ਨਛੱਤਰ ਸਿੰਘ ਪਟੀਸ਼ਨਰ ਨੇ ਭੀ ਆਪਣਾ ਬਿਆਨ ਦਰਜ ਕਰਵਾ ਕੇ ਆਪਣਾ ਤਸਦੀਕ ਸੁਦਾ ਬਿਆਨ ਹਲਫੀਆ EXRW2/A ਪੇਸ਼ ਕੀਤਾ। ਮਿਤੀ 12-10-2020 ਨੂੰ ਵਕੀਲ ਰਸਪਾਡੰਟ ਵੱਲੋ ਸ੍ਰੀ ਟਿੱਕਾ ਸਿੰਘ ਸੁਪਰਵਾਈਜਰ ਦੇ ਬਿਆਨ ਤੇ ਜਿਰਹ ਮੁਕੰਮਲ ਕੀਤੀ ਗਈ।

ਸ੍ਰੀ ਟਿੱਕਾ ਸਿੰਘ ਸੁਪਰਵਾਈਜਰ ਮਾਰਕਿਟ ਕਮੇਟੀ ਮਹਿਲਕਲਾਂ ਨੇ ਆਪਣਾ ਬਿਆਨ ਦਰਜ ਕਰਵਾ ਕੇ ਜਾਹਰ ਕੀਤਾ ਕਿ ਮੈਂ ਆਪਣੇ ਗਵਾਹੀ ਦੇ ਸਬੂਤ ਵਜੋਂ ਤਸਦੀਕ ਸੁਦਾ ਬਿਆਨ ਹਲਫੀਆ EXRW1/A ਪੇਸ਼ ਕੀਤਾ, ਜਿਸ ਰਾਹੀ ਜਾਹਰ ਕੀਤਾ ਕਿ ਮੈਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜਿਲਾ ਚੋਣ ਅਫਸਰ ਸਾਹਿਬ ਵੱਲੋਂ ਆਪਣੇ ਹੁਕਮ ਰਾਹੀ ਪੰਚਾਇਤੀ ਚੋਣਾ ਮਿਤੀ 30-12-2018 ਵਿੱਚ, ਗਰਾਮ ਪੰਚਾਇਤ ਕਲਾਲ ਮਾਜਰਾ ਦੇ ਪਾਰਟੀ ਨੰ:27 ਦੇ ਬੂਥ ਨੰ:64 ਪਰ ਬਤੌਰ ਪ੍ਰਜਾਈਡਿੰਗ ਅਫਸਰ (PRO) ਲਗਾਇਆ ਗਿਆ ਸੀ। ਮੇਰੇ ਨਾਲ ਇਸੀ ਬੂਥ ਪਰ ਸ੍ਰੀ ਜ਼ਸਵੀਰ ਸਿੰਘ, ਟੀਚਰ ਸਰਕਾਰੀ ਹਾਈ ਸਕੂਲ ਪਿੰਡ ਗੁਰਮ ਨੂੰ ਬਤੌਰ (APRO) ਲਗਾਇਆ ਗਿਆ ਸੀ। ਇਸ ਬੂਥ ਪਰ ਵੋਟਾਂ ਅਮਨ ਸ਼ਾਂਤੀ ਨਾਲ ਪੋਲ ਹੋਈਆ। ਪੋਲ ਹੋਈਆਂ ਵੋਟਾਂ ਦੀ ਗਿਣਤੀ ਉਮੀਦਵਾਰਾਂ ਵਾ ਉਨਾਂ ਦੇ ਪੋਲਿੰਗ ਏਜੰਟਾਂ ਦੀ ਹਾਜਰੀ ਵਿੱਚ ਕੀਤੀ ਗਈ। ਜਿਸ ਮੁਤਾਬਿਕ ਇਸ ਬੂਥ ਪਰ ਪੰਚ ਵਜੋਂ ਉਮੀਦਵਾਰਾਂ ਸ੍ਰੀ ਨਛੱਤਰ ਸਿੰਘ, ਜਿਸ ਦਾ ਚੋਣ ਨਿਸ਼ਾਨ, ਬਿਸਕੁੱਟ ਸੀ, ਨੂੰ ਸਭ ਤੋਂ ਵੱਧ 108 ਵੋਟਾਂ ਪੋਲ ਹੋਈਆ ਸਨ ਅਤੇ ਦੂਸਰੇ ਉਮੀਦਵਾਰਾਂ ਗੁਰਪ੍ਰੀਤ ਸਿੰਘ, ਜਿਸ ਦਾ ਚੋਣ ਨਿਸ਼ਾਨ ਹੱਥ ਰੇਹੜਾ ਸੀ, ਨੂੰ 103 ਵੋਟਾਂ ਪੋਲ ਹੋਈਆਂ। ਜਿਸ ਕਾਰਨ ਨਛੱਤਰ ਸਿੰਘ ਉਮੀਦਵਾਰ ਨੂੰ ਜੇਤੂ ਐਲਾਨ ਕਰ ਦਿੱਤਾ ਗਿਆ ਸੀ ਅਤੇ ਇਸ ਬਾਬਤ ਅਸੀ ਰਿਜਲਟ ਸਬੰਧੀ ਫਾਰਮ ਅੰਤਿਕਾ-IX ਅਤੇ ਫਾਰਮ ਨੰਬਰ:09 ਭਰ ਲਏ ਸਨ ਅਤੇ ਉਸ ਪਰ ਨਛੱਤਰ ਸਿੰਘ ਵਾ ਗੁਰਪ੍ਰੀਤ ਸਿੰਘ ਅਤੇ ਬਾਕੀ ਉਮੀਦਾਵਾਰਾਂ ਦੇ ਦਸਤਖਤ/ਅੰਗੂਠੇ ਕਰਵਾ ਲਏ ਗਏ ਸਨ ਅਤੇ ਮੈਂ ਵੀ ਆਪਣੇ ਦਸਤਖਤ ਕੀਤੇ ਸਨ। ਇਸ ਤੋਂ ਇਲਾਵਾ ਗੁਰਪ੍ਰੀਤ ਸਿੰਘ ਨੇ ਸਾਨੂੰ ਉਸ ਵਕਤ ਇੱਕ ਬਿਆਨ ਲਿਖ ਕੇ ਦਿੱਤਾ ਸੀ ਕਿ ਉਹ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:02 ਤੋਂ ਪੰਚ ਦੀ ਚੋਣ ਲੜ ਰਿਹਾ ਸੀ, ਜਿਸ ਵਿੱਚ ਉਸਨੂੰ ਕੁੱਲ 103 ਵੋਟਾਂ ਪਈਆਂ ਸਨ। ਜਦ ਅਸੀ ਵਾ ਸਾਡੇ ਦੇ ਬਾਕੀ ਚੋਣ ਸਟਾਫ ਨੇ ਵੋਟਾਂ ਦਾ ਸਮਾਨ ਜਮ੍ਹਾਂ ਕਰਵਾਉਣਾ ਸੀ ਤਾਂ ਉਸ ਵਕਤ ਸਾਡੇ ਪਾਸੋ ਉਕਤ ਦੋਵੇ ਅਸਲ ਫਾਰਮ ਬਾਕੀ ਦੇ ਕਾਗਜਾਤ ਵਿੱਚ ਰੁਲ ਗਏ, ਜਿੰਨਾਂ ਪਰ ਅਸੀ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਕਰਵਾਏ ਹੋਏ ਸਨ। ਜਿਸ ਤੇ ਅਸੀ ਜਲਦਬਾਜੀ ਵਿੱਚ ਦੁਬਾਰਾ ਰਿਜਲਟ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਭਰ ਲਏ ਗਏ, ਜਿਸ ਪਰ ਉਮੀਦਵਾਰਾਂ ਦਾ ਕੋਈ ਦਸਤਖਤ/ਅੰਗੂਠਾ ਵੀ ਨਾਂ ਹੈ ਅਤੇ ਇਸ ਜਲਦਬਾਜੀ ਵਿੱਚ ਸਾਡੇ ਵੱਲੋ ਵਾਰਡ ਨੰ:02 ਦੇ ਉਮੀਦਵਾਰ ਗੁਰਪ੍ਰੀਤ ਸਿੰਘ ਨੂੰ 108 ਵੋਟਾਂ ਅਤੇ ਨਛੱਤਰ ਸਿੰਘ ਉਮੀਦਵਾਰ ਨੂੰ 103 ਵੋਟਾਂ ਦਿਖਾ ਕੇ, ਗੁਰਪ੍ਰੀਤ ਸਿੰਘ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋਂ ਕਿ ਅਸਲ ਵਿੱਚ 103 ਵੋਟਾਂ ਗੁਰਪ੍ਰੀਤ ਸਿੰਘ ਨੂੰ ਪਈਆਂ ਸਨ ਅਤੇ 108 ਵੋਟਾਂ ਨਛੱਤਰ ਸਿੰਘ ਉਮੀਦਵਾਰ ਨੂੰ ਪਈਆਂ ਸਨ। ਉਸ ਤੋਂ ਬਾਅਦ ਪੀ.ਆਰ.ਓ. ਦੇ ਕਾਗਜਾਤ ਵਿੱਚੋਂ ਸਾਡੇ ਵੱਲੋਂ ਪਹਿਲਾਂ ਭਰੇ ਹੋਏ ਅੰਤਿਕਾ-IX ਅਤੇ ਫਾਰਮ ਨੰ:09 ਵੀ ਮਿਲ ਗਏ, ਜਿੰਨਾਂ ਪਰ ਨਛੱਤਰ ਸਿੰਘ ਵਾ ਗੁਰਪ੍ਰੀਤ ਸਿੰਘ ਵਾ ਦੀਗਰ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਕਰਵਾਏ ਹੋਏ ਸਨ। ਜਿਸ ਤੇ ਅਸੀ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਯਾਨਿਕਿ ਅਦਾਲਤ ਜਨਾਬ ਵਾਲਾ ਨੂੰ ਬੂਥ ਨੰ:64 ਦੇ ਵਾਰਡ ਨੰ:02 ਪਿੰਡ ਕਲਾਲ ਮਾਜਰਾ ਵਿੱਚ ਪੰਚ ਦੇ ਰਿਜਲਟ ਦੀ ਦਰੁਸਤੀ ਸਬੰਧੀ ਦਰਖਾਸਤ ਵੀ ਮਿਤੀ 14-01-2019 ਨੂੰ ਦਿੱਤੀ। ਜਿਸ ਤੇ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਵੱਲੋਂ ਆਪਣੇ ਪੱਤਰ ਨੰ:3227-28 ਮਿਤੀ 15-02-2019 ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ ਅਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ. ਨਗਰ ਮੋਹਾਲੀ ਨੂੰ ਲਿਖਕਰ, ਉਕਤ ਰਿਜਲਟ ਵਿੱਚ ਦਰੁਸਤੀ ਕਰਨ ਅਤੇ ਨੋਟੀਫਿਕੇਸ਼ਨ ਵਿੱਚ ਲੋੜੀਂਦੀ ਸੋਧ ਕਰਨ ਦੀ ਪ੍ਰਵਾਨਗੀ ਮੰਗੀ। ਉਕਤ ਦਰਖਾਸਤ ਮਿਤੀ 14-01-2019 ਦੀ ਫੋਟੋ ਸਟੇਟ ਕਾਪੀ ਅੱਜ ਮੈਂ ਦੇਖ ਲਈ ਹੈ, ਜਿਸ ਪਰ ਮੈਂ ਆਪਣੇ ਦਸਤਖਤ ਸ਼ਨਾਖਤ ਕਰਦਾ ਹਾਂ। ਦਰਖਾਸਤ ਦੀ ਫੋਟੋ ਕਾਪੀ ਅਨੈਕਸਚਰ ਆਰ-1 ਹੈ। ਜਿਸ ਪਰ ਜ਼ਸਵੀਰ ਸਿੰਘ ਉਕਤ ਨੇ ਵੀ ਮੇਰੇ ਨਾਲ ਹੀ ਆਪਣੇ ਦਸਤਖਤ ਕੀਤੇ ਸਨ। ਅਸਲ ਅੰਤਿਕਾ-IX ਅਤੇ ਫਾਰਮ ਨੰ:09 ਦੀ ਫੋਟੋ ਸਟੇਟ ਕਾਪੀ ਵੀ ਮੈਂ ਅੱਜ ਮਿਸਲ ਤੇ ਦੇਖ ਲਈ ਹੈ, ਜ਼ੋ ਕਰਮਵਾਰ ਅਨੈਕਸਚਰ ਆਰ-2,3 ਹਨ, ਜਿੰਨਾ ਪਰ ਮੈਂ ਆਪਣੇ ਦਸਤਖਤ ਸ਼ਨਾਖਤ ਕਰਦਾ ਹਾਂ।

ਪਟੀਸ਼ਨਰ ਨਛੱਤਰ ਸਿੰਘ ਪੁੱਤਰ ਨੱਥਾ ਸਿੰਘ ਨੇ ਆਪਣਾ ਬਿਆਨ ਦਰਜ ਕਰਵਾ ਕੇ ਆਪਣਾ ਤਸਦੀਕ ਸੁਦਾ ਬਿਆਨ ਹਲਫੀਆ EXRW2/A ਪੇਸ਼ ਕੀਤਾ ਅਤੇ ਅੰਤਿਕਾ-IX ਅਤੇ ਫਾਰਮ ਨੰ:09 ਜ਼ੋ ਦੁਬਾਰਾ ਭਰੇ ਗਏ ਸਨ EXP-1 ਅਤੇ EXP-2 ਪੇਸ਼ ਕੀਤੇ। ਪਹਿਲਾਂ ਭਰੇ ਗਏ ਫਾਰਮ ਨੰ:09 ਜਿਸ ਪਰ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਲੱਗੇ ਹੋਏ ਹਨ ਦੀ ਕਾਪੀ EXP-6 ਪੇਸ਼ ਕੀਤੀ। ਪਹਿਲਾ ਭਰੀ ਅੰਤਿਕਾ 09 ਦੀ ਫੋਟੋ ਕਾਪੀ EXP-7, ਅਸਲ ਲੈਟਰ ਨੰ:1245 ਮਿਤੀ 07-11-2019 ਦੀ ਕਾਪੀ EXP-8 ਭੀ ਆਪਣੇ ਸਬੂਤ ਵਜੋ ਪੇਸ਼ ਕੀਤੀਆ।

ਪਟੀਸ਼ਨਰ ਸ੍ਰੀ ਨਛੱਤਰ ਸਿੰਘ ਨੇ ਆਪਣੇ ਤਸਦੀਕ ਸੁਦਾ ਬਿਆਨ ਹਲਫੀਆ ਰਾਹੀ ਜਾਹਰ ਕੀਤਾ ਕਿ ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ ਹਾਲੀਆ ਪੰਚਾਇਤੀ ਚੋਣਾ ਮਿਤੀ 30-12-2018 ਨੂੰ, ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:2 ਦਾ ਗੈਰ-ਕਾਨੂੰਨੀ ਤੌਰ ਤੇ ਪੰਚ ਚੁਣਿਆ ਗਿਆ ਹੈ। ਜਿਸ ਦਾ ਚੋਣ ਨਿਸ਼ਾਨ ਬਿਸਕੁੱਟ ਸੀ। ਪੰਚਾਇਤੀ ਚੋਣਾ ਵਿੱਚ ਬਤੌਰ ਪੰਚ ਮੈਨੂੰ ਬਾਕੀ ਉਮੀਦਵਾਰਾਂ ਦੇ ਮੁਕਾਬਲੇ ਸਭ ਤੋਂ ਵੱਧ ਵੋਟਾਂ ਯਾਨਿ ਕਿ 108 ਵੋਟਾਂ ਪੋਲ ਹੋਈਆ ਸਨ ਅਤੇ ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ 103 ਵੋਟਾ ਪਈਆ ਸਨ। ਜਿਸ ਕਾਰਨ ਮੈਨੂੰ ਜੇਤੂ ਐਲਾਨ ਕਰ ਦਿੱਤਾ ਗਿਆ ਸੀ ਅਤੇ ਇਸ ਬਾਬਤ ਰਸਪਾਡੈਂਟਾਨ ਨੰ:2-3, ਸ੍ਰੀ ਟਿੱਕਾ ਸਿੰਘ ਵਾ ਸ੍ਰੀ ਜ਼ਸਵੀਰ ਸਿੰਘ, ਜਿੰਨਾ ਨੂੰ ਉਕਤ ਪੰਚਾਇਤੀ ਚੋਣਾਂ ਵਿੱਚ ਬੂਥ ਨੰ:64, ਵਾਰਡ ਨੰ:02 ਪਿੰਡ ਕਲਾਲ ਮਾਜਰਾ ਵਿਖੇ ਸੁਪਰਵਾਈਜਰ ਵਾ ਪ੍ਰਜਾਈਡਿੰਗ ਅਫਸਰ ਤਾਇਨਾਤ ਕੀਤਾ ਗਿਆ ਸੀ, ਨੇ ਰਿਜਲਟ ਸਬੰਧੀ ਫਾਰਮ ਅੰਤਿਕਾ-IX ਅਤੇ ਫਾਰਮ ਨੰਬਰ:09 ਭਰ ਲਏ ਸਨ ਅਤੇ ਉਸ ਪਰ ਮੇਰੇ ਵਾ ਰਸਪਾਡੈਂਟ ਗੁਰਪ੍ਰੀਤ ਸਿੰਘ ਦੇ ਦਸਤਖਤ/ਅੰਗੂਠੇ ਕਰਵਾ ਲਏ ਗਏ ਸਨ। ਇਸ ਤੋਂ ਇਲਾਵਾ ਰਸਪਾਡੈਂਟ ਗੁਰਪ੍ਰੀਤ ਸਿੰਘ ਨੇ ਵੀ ਰਸਪਾਡੈਟਾਨ ਨੰ:2-3 ਨੂੰ ਉਸ ਵਕਤ ਇੱਕ ਬਿਆਨ ਲਿੱਖ ਕੇ ਦਿੱਤਾ ਸੀ ਕਿ

ਉਹ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:02 ਤੋਂ ਪੰਚ ਦੀ ਚੋਣ ਲੜ ਰਿਹਾ ਸੀ, ਜਿਸ ਵਿੱਚ ਉਸਨੂੰ ਕੁੱਲ 103 ਵੋਟਾਂ ਪਈਆਂ ਸਨ। ਰਸਪਾਡੈਟਾਨ ਨੰ:2-3 ਵਾ ਉਹਨਾਂ ਦੇ ਨਾਲ ਦੇ ਬਾਕੀ ਚੋਣ ਸਟਾਫ ਨੇ ਵੋਟਾਂ ਦਾ ਸਮਾਨ ਜਮ੍ਹਾਂ ਕਰਵਾਉਣਾ ਸੀ ਤਾਂ ਉਸ ਵਕਤ ਰਸਪਾਡੈਟਾਨ ਨੰਬਰ:2-3 ਪਾਸੋਂ ਉਕਤ ਦੋਵੇ ਅਸਲ ਫਾਰਮ ਬਾਕੀ ਦੇ ਕਾਗਜਾਤ ਵਿੱਚ ਰੁਲ ਗਏ, ਜਿੰਨਾ ਪਰ ਰਸਪਾਡੈਟਾਨ ਨੰ:2-3 ਵੱਲੋ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਕਰਵਾਏ ਗਏ ਸਨ। ਜਿਸ ਤੇ ਰਸਪਾਡੈਟਾਨ ਨੰ:2-3 ਵੱਲੋਂ ਜ਼ਲਦਬਾਜੀ ਵਿੱਚ ਦੁਬਾਰਾ ਰਿਜਲਟ ਫਾਰਮ ਅੰਤਿਕਾ-IX ਫਾਰਮ ਨੰਬਰ:09 ਭਰ ਲਏ ਗਏ, ਜਿਸ ਪਰ ਉਮੀਦਵਾਰਾਂ ਦਾ ਕੋਈ ਦਸਤਖਤ/ਅੰਗੂਠਾ ਵੀ ਨਾਂ ਹੈ ਅਤੇ ਮਾਰਕ ਆਰ-ਏ ਇਸ ਜਲਦਬਾਜੀ ਵਿੱਚ ਉਨਾਂ ਵੱਲੋਂ ਵਾਰਡ ਨੰ:2 ਦੇ ਉਮੀਦਵਾਰ ਗੁਰਪ੍ਰੀਤ ਸਿੰਘ ਰਸਪਾਡੈਟ ਨੰ:01 ਨੂੰ 108 ਵੋਟਾਂ ਅਤੇ ਮੈਨੂੰ 103 ਵੋਟਾਂ ਦਿਖਾ ਕੇ, ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ ਜੇਤੂ ਕਰਾਰ ਦੇ ਦਿੱਤਾ ਗਿਆ। ਜਦੋ ਕਿ ਅਸਲ ਵਿੱਚ 103 ਵੋਟਾਂ ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ ਪਈਆਂ ਸਨ ਮਾਰਕ ਆਰ/ਬੀ, ਅਤੇ 108 ਵੋਟਾਂ ਮੈਨੂੰ ਪਈਆ ਸਨ। ਜਿਸ ਅਨੁਸਾਰ ਮੈਂ ਅਸਲ ਵਿੱਚ ਜੇਤੂ ਉਮੀਦਵਾਰ ਹਾਂ। ਮਾਰਕ ਆਰ-ਸੀ, ਇਸ ਦੁਬਾਰਾ ਭਰੇ ਗਏ ਰਿਜਲਟ ਫਾਰਮ ਦੀ ਮੁਸੱਦਕਾ ਨਕਲ ਮਿਸਲ ਵਿੱਚ ਪੇਸ਼ ਕੀਤੀ ਹੋਈ ਹੈ ਮਾਰਕ ਆਰ-ਡੀ। ਉਸ ਤੋਂ ਬਾਅਦ ਪੀ.ਆਰ.ਓ. ਦੇ ਕਾਗਜਾਤ ਵਿੱਚੋ ਰਸਪਾਡੈਟਾਨ ਨੰ:2-3 ਵੱਲੋਂ ਪਹਿਲਾਂ ਭਰੇ ਗਏ ਅੰਤਿਕਾ-IX ਅਤੇ ਫਾਰਮ ਨੰ:09 ਵੀ ਮਿਲ ਗਏ, ਜਿੰਨਾਂ ਪਰ ਮੇਰੇ, ਰਸਪਾਡੈਂਟ ਗੁਰਪ੍ਰੀਤ ਸਿੰਘ ਵਾ ਦੀਗਰ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਕਰਵਾਏ ਹੋਏ ਸਨ। ਜਿਸ ਤੇ ਰਸਪਾਡੈਟਾਨ ਨੰ:2-3 ਵੱਲੋਂ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਯਾਨਿ ਕਿ ਅਦਾਲਤ ਜਨਾਬ ਵਾਲਾ ਨੂੰ, ਬ੍ਰੁਥ ਨੰ:64 ਦੇ ਵਾਰਡ ਨੰ:02 ਪਿੰਡ ਕਲਾਲ ਮਾਜਰਾ ਵਿੱਚ ਪੰਚ ਦੇ ਰਿਜਲਟ ਦੀ ਦਰੁਸਤੀ ਸਬੰਧੀ ਦਰਖਾਸਤ ਵੀ ਦਿੱਤੀ ਗਈ। ਜਿਸ ਤੇ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਵੱਲੋਂ ਪੱਤਰ ਮਿਤੀ 15-02-2019 ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ ਅਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ.ਨਗਰ ਮੋਹਾਲੀ ਨੂੰ ਲਿਖਕਰ, ਉਕਤ ਰਿਜਲਟ ਵਿੱਚ ਦਰੁਸਤੀ ਕਰਨ ਅਤੇ ਨੋਟੀਫਿਕੇਸ਼ਨ ਵਿੱਚ ਲੋੜੀਂਦੀ ਸੋਧ ਕਰਨ ਦੀ ਪ੍ਰਵਾਨਗੀ ਮੰਗੀ। ਸਟੇਟ ਇਲੈਕਸ਼ਨ ਕਮਿਸ਼ਨਰ, ਪੰਜਾਬ ਵੱਲੋਂ ਉਕਤ ਪੱਤਰ ਮਿਤੀ 15-02-2019 ਸਬੰਧੀ, ਡਿਪਟੀ ਕਮਿਸ਼ਨਰ-ਕਮ-ਜਿਲਾ ਇਲੈਕਟੋਰਲ ਅਫਸਰ, ਬਰਨਾਲਾ ਨੂੰ ਆਪਣੇ ਪੱਤਰ ਰਾਹੀ ਰਿਜਲਟ ਮਜਕੂਰ ਠੀਕ ਕਰਨ ਸਬੰਧੀ ਸਿਰਫ ਇਲੈਕਸ਼ਨ ਪਟੀਸ਼ਨ ਦਾਇਰ ਕੀਤੀ ਜਾਣਾ ਹੀ ਹੱਲ ਦੱਸਿਆ ਗਿਆ। ਇਸ ਪੱਤਰ ਸਬੰਧੀ ਮੈਨੂੰ ਕਿਸੇ ਵੀ ਸਬੰਧਤ ਅਧਿਕਾਰੀ ਵੱਲੋਂ ਕਿਸੇ ਵੀ ਤਰ੍ਹਾਂ ਨਾਲ ਕੋਈ ਸੂਚਨਾਂ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਪੱਤਰ ਜਾਰੀ ਕੀਤਾ ਗਿਆ। ਜਿਸ ਤੇ ਮੈਨੇ ਜੇਤੂ ਸਰਟੀਫਿਕੇਟ ਲੈਣ ਲਈ ਇੱਕ ਦਰਖਾਸਤ ਆਪ ਜੀ ਪਾਸ ਦਿੱਤੀ, ਜਿਸ ਤੇ ਵਧੀਕ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ (ਵਿ), ਬਰਨਾਲਾ ਵੱਲੋਂ, ਸਟੇਟ ਇਲੈਕਸ਼ਨ ਕਮਿਸ਼ਨਰ, ਪੰਜਾਬ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ, ਆਪਣੇ ਪੱਤਰ ਮਿਤੀ 07-11-2019 ਰਾਹੀ ਮੈਨੂੰ ਦੱਸਿਆ ਕਿ ਰਿਜਲਟ ਵਿੱਚ ਸੋਧ ਕੀਤੀ ਜਾਣ ਲਈ ਇਲੈਕਸ਼ਨ ਪਟੀਸ਼ਨ ਹੀ ਕੀਤੀ ਜਾ ਸਕਦੀ ਹੈ। ਜਿਸ ਕਾਰਨ ਮੌਜੂਦਾ ਪਟੀਸ਼ਨ ਦਾਇਰ ਕੀਤੀ ਗਈ। ਇਸ ਦੇ ਸਹੀ ਫੈਸਲਾ ਲਈ ਰਿਜਲਟ ਤਲਬ ਕੀਤਾ ਜਾਣ ਵਾਜਬ ਹੈ। ਅਸਲ ਪੱਤਰ 07-11-2019 ਮਿਸਲ ਪੇਸ਼ ਕੀਤਾ ਹੋਇਆ ਹੈ। ਜ਼ੋ ਐਗਜੀਵਿਟ ਬੀ-8 ਹੈ। ਉਕਤ ਸਾਰੇ ਵਾਕਿਆਤ ਤੋਂ ਇਹ ਸਾਫ ਸਾਬਤ ਹੈ ਕਿ ਹਾਲੀਆਂ ਪੰਚਾਇਤੀ ਚੋਣਾਂ ਵਿੱਚ ਮੈਨੂੰ ਬਤੌਰ ਪੰਚ 108 ਵੋਟਾਂ ਪੋਲ ਹੋਣ ਕਾਰਨ, ਮੈਂ ਜੇਤੂ ਹੋਇਆ ਸੀ। ਜਿਸ ਦੀ ਬਾਬਤ ਮੌਕਾ ਪਰ ਰਿਜਲਟ ਵੀ ਤਿਆਰ ਕੀਤਾ ਗਿਆ ਸੀ, ਜ਼ੋ ਗੁੰਮ ਹੋ ਜਾਣ ਕਾਰਨ, ਰਸਪਾਡੈਟਾਨ ਨੰ:2-3 ਵੱਲੋਂ ਜਲਦਬਾਜੀ ਵਿੱਚ ਗੱਲਤ ਰਿਜਲਟ ਤਿਆਰ ਕਰਕੇ, ਰਸਪਾਡੈਂਟ ਗੁਰਪ੍ਰੀਤ ਸਿੰਘ ਨੂੰ ਖਿਲਾਫ ਕਾਨੂੰਨ, ਖਿਲਾਫ ਵਾਕਿਆਤ ਜੇਤੂ ਕਰਾਰ ਦੇ ਦਿੱਤਾ ਸੀ, ਜਿਸ ਬਾਰੇ ਰਸਪਾਡੈਟਾਨ ਨੰ:2-3 ਨੇ ਆਪਣੀ ਗਲਤੀ ਮੰਨਦੇ ਹੋਏ, ਇਸ ਦੇ ਸੁਧਾਰ ਲਈ ਯਾਨਿ ਕਿ ਰਿਜਲਟ ਵਿੱਚ ਸੋਧ ਕੀਤੇ ਜਾਣ ਲਈ ਆਪਣੇ ਤੌਰ ਤੇ ਬਣਦੀ ਕਾਰਵਾਈ ਵੀ ਕੀਤੀ ਇਸ ਸਾਰੀ ਕਾਰਵਾਈ ਵਿੱਚ ਇਲੈਕਸ਼ਨ ਪਟੀਸ਼ਨ ਦਾਇਰ ਕੀਤੀ ਜਾਣੀ ਦਾ ਹੀ ਸਿੱਟਾ ਨਿਕਲਿਆ। ਇਸ ਲਈ ਮੈਨੂੰ ਬਤੌਰ ਪੰਚ ਜੇਤੂ ਕਰਾਰ ਦਿੱਤਾ ਜਾਣਾ ਵਾਜਬ ਹੈ। ਸਹੁੰ ਚੁੱਕ ਸਮਾਗਮ ਵਿੱਚ ਮੈਨੂੰ ਬਤੌਰ ਜੇਤੂ ਪੰਚ, ਗਰਾਮ ਪੰਚਾਇਤ ਕਲਾਲ ਮਾਜਰਾ ਵਾਰਡ ਨੰ:02 ਵਜੋਂ ਸਹੁੰ ਵੀ ਚੁਕਵਾਈ ਜਾ ਚੁੱਕੀ ਹੈ।

ਸ੍ਰੀ ਗੁਰਪ੍ਰੀਤ ਸਿੰਘ ਟੈਕਸ ਕੁਲੈਕਟਰ ਪੰਚਾਇਤ ਸੰਮਤੀ, ਬਰਨਾਲਾ, ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਰਨਾਲਾ ਨੇ ਆਪਣਾ ਬਿਆਨ ਦਰਜ ਕਰਵਾ ਕੇ ਜਾਹਰ ਕੀਤਾ ਕਿ ਮੈਂ ਤਲਬੀ ਦਾ ਰਿਕਾਰਡ ਅਸਲ ਅੰਤਿਕਾ-IX ਲੈ ਕਰ ਆਇਆ ਹਾਂ। ਇਸ ਦੀ ਦਰੁਸਤ ਫੋਟੋ ਕਾਪੀ EX-P-1 ਹੈ। ਮੈਂ ਅਸਲ ਫਾਰਮ ਨੰ:09 ਲੈ ਕਰ ਆਇਆ ਹਾਂ। ਜਿਸ ਦੀ ਦਰੁਸਤ ਫੋਟੋ ਕਾਪੀ EXP-1 ਹੈ। ਮੈਂ ਅਸਲ ਦਰਖਾਸਤ ਬਾਬਤ ਰਿਜਲਟ ਦਰੁਸਤੀ ਸਬੰਧੀ ਮਿਤੀ 15-02-2019 ਪੱਤਰ ਨੰ: 3227-28 ਲੈ ਕਰ ਆਇਆ ਹਾਂ। ਜਿਸ ਪਰ ਸ੍ਰੀ ਪ੍ਰਵੀਨ ਕੁਮਾਰ ਏ.ਡੀ.ਸੀ. ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਜੀ ਦੇ ਹਸਤਾਖਰ ਸਨਾਖ਼ਤ ਕਰਦਾ ਹਾਂ। ਜਿਸ ਦੀ ਦਰੁਸਤ ਫੋਟੋ ਕਾਪੀ EX-P3 ਹੈ। ਪੱਤਰ ਨੰ:ਐਸਈਸੀ-ਐਸਏ-2019/1606 ਮਿਤੀ 08-03-2019 EXP-4, ਅਸਲ ਐਪਲੀਕੇਸ਼ਨ ਪੰਚ ਦੀ ਰਿਜਲਟ ਦੀ ਦਰੁਸਤੀ ਸਬੰਧੀ ਮਿਤੀ 14-01-2019 ਲੈ ਕਰ ਆਇਆ ਹਾਂ। ਜਿਸ ਦੀ ਦਰੁਸਤ ਫੋਟੋ ਕਾਪੀ EXP-5, ਮੈ ਅਸਲ ਰਿਜਲਟ ਫਾਰਮ ਨੰ:09 ਜਿਸ ਪਰ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਮੌਜੂਦ ਹਨ ਲੈ ਕਰ ਆਇਆ ਹਾਂ। ਜਿਸ ਦੀ ਦਰੁਸਤ ਫੋਟੋ ਕਾਪੀ EXP-6 ਹੈ। ਮੈਂ ਅਸਲ ਅੰਤਿਕਾ-IX ਲੈ ਕਰ ਆਇਆ ਹਾਂ। ਜਿਸ ਦੀ ਦਰੁਸਤ ਫੋਟੋ ਕਾਪੀ EXP-7 ਹੈ। ਮੈਂ ਅਸਲ ਰਿਕਾਰਡ ਭੀ ਸ਼ਾਮਲ ਕਰਦਾ ਹਾਂ ਜੀ।

ਮਿਤੀ 06-11-2020 ਨੂੰ ਪਟੀਸ਼ਨਰ ਨਛੱਤਰ ਸਿੰਘ ਨੇ ਆਪਣਾ ਬਿਆਨ ਦਰਜ ਕਰਵਾ ਕੇ ਸਬੂਤ ਪਟੀਸ਼ਨਰ ਧਿਰ ਬੰਦ ਕੀਤਾ। ਹਾਜਰ ਵਕੀਲ ਰਸਪਾਡੰਟ ਧਿਰ ਨੂੰ ਆਪਣਾ ਸਬੂਤ ਪੇਸ਼ ਕਰਨ ਦੀ ਹਦਾਇਤ ਕੀਤੀ ਗਈ।

ਰਸਪਾਡੰਟ ਨੰ:1 ਸ੍ਰੀ ਗੁਰਪ੍ਰੀਤ ਸਿੰਘ ਨੇ ਮਿਤੀ 25-11-2020 ਨੂੰ ਆਪਣੇ ਸਬੂਤ ਵਜੋਂ ਆਪਣਾ ਬਿਆਨ ਦਰਜ ਕਰਵਾ ਕੇ ਆਪਣਾ ਤਸਦੀਕ ਸੁਦਾ ਬਿਆਨ ਹਲਫੀਆ EXRW1/A ਪੇਸ਼ ਕੀਤਾ ਅਤੇ ਦਰਖਾਸਤ ਫੋਟੋ ਕਾਪੀ ਮਾਰਕ ਆਰ-1 ਪੇਸ਼ ਕੀਤੀ।

ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਨੇ ਆਪਣੇ ਤਸਦੀਕ ਸੁਦਾ ਬਿਆਨ ਹਲਫੀਆ EXRW1/A ਰਾਹੀਂ ਜਾਹਰ ਕੀਤਾ ਕਿ ਪਟੀਸ਼ਨ ਅੰਦਰ ਮਿਆਦ ਨਾ ਹੈ, ਕਿਉਂਕਿ ਪਟੀਸ਼ਨਰ ਨੇ ਪੰਚਾਇਤੀ ਚੋਣਾ ਮਿਤੀ 30-12-2018 ਦੇ ਖਿਲਾਫ ਮੌਜੂਦਾ ਪਟੀਸ਼ਨ ਦਾਇਰ ਕੀਤੀ ਹੈ ਜ਼ੋ ਕਿ ਮਿਤੀ 29-11-2019 ਕੋ ਦਾਇਰ ਕੀਤੀ ਗਈ ਹੈ। ਇਸ ਲਈ ਪਟੀਸ਼ਨ ਕਾਬਲੇ ਅਖ਼ਰਾਜ ਹੈ। ਮੈਨੂੰ ਹਾਲੀਆ ਪੰਚਾਇਤੀ ਚੋਣਾ ਮਿਤੀ 30-12-2018 ਨੂੰ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:2 ਦਾ ਸਹੀ ਅਤੇ ਦਰੁਸਤ ਤੌਰ ਤੇ ਕਾਨੂੰਨੀ ਤੌਰ ਤੇ ਪੰਚ ਚੁਣਿਆ ਗਿਆ ਹਾਂ। ਮਿਤੀ 30-12-2018 ਨੂੰ ਹੋਈਆਂ ਪੰਚਾਇਤੀ ਚੋਣਾਂ, ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਈਆਂ ਸਨ, ਜ਼ੋ ਕਿ ਸਹਕਾਰ ਵੱਲੋਂ ਮੁਕਰਰ ਕੀਤੇ ਨੁਮਾਇੰਦਿਆਂ ਜਿੰਨਾਂ ਨੂੰ ਮੌਜੂਦਾ ਪਟੀਸ਼ਨ ਵਿੱਚ ਰਸਪਾਡੈਂਟ ਨੰ: 2 ਵਾ 3 ਦਰਜ ਕੀਤਾ ਗਿਆ ਹੈ, ਦੀ ਹਾਜਰੀ ਵਿੱਚ ਹੋਈਆਂ ਸਨ ਅਤੇ ਉਕਤ ਨੁਮਾਇੰਦਿਆਂ ਵੱਲੋਂ ਬਕਾਇਦਾ ਵੋਟਾਂ ਦੀ ਗਿਣਤੀ ਵਗੈਰਾ ਕੀਤੀ ਗਈ ਜ਼ੋ ਮੌਕਾ ਪਰ ਹਾਜਰ ਪਿੰਡ ਦੇ ਪਤਵੰਤੇ ਸੱਜਣਾ ਦੇ ਇੱਕਠ ਵਿੱਚ ਕੀਤੀ ਗਈ। ਜਿਸ ਉਪਰੰਤ ਮੈਨੂੰ ਕੁੱਲ 108 ਵੋਟਾਂ ਅਤੇ ਮੌਜੂਦਾ ਪਟੀਸ਼ਨਰ ਨੂੰ 103 ਵੋਟਾਂ ਪਈਆਂ ਕਰਾਰ ਪਾਇਆ ਗਿਆ। ਇਸ ਤਰ੍ਹਾਂ ਮੈ 5 ਇਹਨਾਂ ਵੋਟਾਂ ਵਿੱਚ ਜੇਤੂ ਰਿਹਾ। ਜਿਸ ਬਾਰੇ ਬਾਅਦ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੁੰ ਚੁਕਾਉਣ ਲਈ ਮੈਨੂੰ ਇੱਕ ਪੱਤਰ ਵੀ ਜਾਰੀ ਕੀਤਾ ਗਿਆ। ਜਿਸ ਅਨੁਸਾਰ ਮੈਂ ਸਹੁੰ ਵੀ ਚੁੱਕੀ। ਪਟੀਸ਼ਨਰ ਇੱਕ ਝਗੜਾਲੂ ਕਿਸਮ ਦਾ ਆਦਮੀ ਹੈ ਜ਼ੋ ਕਿ ਸ਼ੁਰੂ ਤੋਂ ਹੀ ਪਿੰਡ ਦੇ ਕੰਮਾਂ ਵਿੱਚ ਰੁਕਾਵਟਾਂ ਵਗੈਰਾ ਪੈਦਾ ਕਰਦਾ ਆ ਰਿਹਾ ਹੈ ਅਤੇ ਹੁਣ ਵੀ ਉਕਤ ਸ਼ਖਸ ਨੇ ਮੌਜੂਦਾ ਪਟੀਸ਼ਨ

ਦੀ ਆੜ ਵਿੱਚ ਪਿੰਡ ਦੇ ਵਿਕਾਸ ਕਾਰਜ ਰੋਕ ਰੱਖੇ ਹਨ। ਮੈਨੂੰ ਇੱਕ ਦਰਖਾਸਤ ਮਿਤੀ 16-07-2019 ਨੂੰ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ, ਬਰਨਾਲਾ ਪਾਸ ਦਿੱਤੀ ਸੀ ਕਿ ਮੇਰੇ ਹੱਕ ਵਿੱਚ ਜੇਤੂ ਉਮੀਦਵਾਰ ਦਾ ਸਰਟੀਫਿਕੇਟ ਜਾਰੀ ਕੀਤਾ ਜਾਵੇ। ਮੌਜੂਦਾ ਪਟੀਸ਼ਨਰ ਮੌਜੂਦਾ ਪਟੀਸ਼ਨ ਦੀ ਆੜ ਵਿੱਚ ਮੇਰੇ ਉੱਪਰ ਨਜਾਇਜ ਦਬਾਓ ਪਾਉਣਾ ਚਾਹੁੰਦਾ ਹੈ। ਜਿਸ ਦਾ ਉਸ ਨੂੰ ਕੋਈ ਹੱਕ ਹਾਸਲ ਨਾ ਹੈ।

ਹਾਜਰ ਵਕੀਲ ਧਿਰਾਂ ਦੀ ਬਹਿਸ ਸੁਣੀ ਗਈ। ਰਸਪਾਡੰਟ ਵਕੀਲ ਨੇ ਬਹਿਸ ਦੌਰਾਨ ਕਿਹਾ ਕਿ ਪਟੀਸ਼ਨਰ ਨੇ ਮੌਜੂਦਾ ਪਟੀਸ਼ਨ ਰਸਪਾਡੰਟ ਨੰ:1 ਨੂੰ ਤੰਗ-ਪ੍ਰੇਸ਼ਾਨ ਕਰਨ ਦੇ ਮਕਸਦ ਨਾਲ ਦਾਇਰ ਕੀਤੀ ਹੈ। ਪਟੀਸ਼ਨਰ ਧਿਰ ਨੇ, ਪਟੀਸ਼ਨ ਵਿੱਚ ਸਰਾਸਰ ਗਲਤ ਵਾ ਝੂਠੇ ਵਾਕਿਆਤ ਦਾਇਰ ਕਰਕੇ, ਮੌਜੂਦਾ ਪਟੀਸ਼ਨ ਦਾਇਰ ਕੀਤੀ ਹੈ। ਜਿਸ ਵਿੱਚ ਕੋਈ ਸੱਚਾਈ ਨਹੀਂ ਹੈ। ਮੌਜੂਦਾ ਪਟੀਸ਼ਨ ਅੰਦਰ ਮਿਆਦ ਦਾਇਰ ਨਹੀ ਕੀਤੀ ਗਈ ਹੈ। ਇਸ ਲਈ ਭੀ ਪਟੀਸ਼ਨ ਕਾਬਲੇ ਅਖਰਾਜ ਹੈ। ਰਸਪਾਡੰਟ ਨੰ:1 ਦੀ ਚੋਣ ਬਤੌਰ ਪੰਚ ਬਿਲਕੁੱਲ ਸਹੀ ਵ ਦਰੁਸਤ ਤੌਰ ਤੇ ਹੋਈ ਹੈ। ਪਟੀਸ਼ਨਰ ਨੂੰ 103 ਵੋਟਾਂ ਪਈਆਂ ਸਨ ਅਤੇ ਰਸਪਾਡੰਟ ਨੰ: 1 ਗੁਰਪ੍ਰੀਤ ਸਿੰਘ ਨੂੰ 108 ਵੋਟਾਂ ਪਈਆਂ ਸਨ। ਰਸਪਾਡੰਟ ਨੰ:1 ਨੂੰ ਪਟੀਸ਼ਨਰ ਨਾਲੋ ਵੱਧ ਵੋਟਾਂ ਪੋਲ ਕਾਰਨ ਜੇਤੂ ਕਰਾਰ ਦਿੱਤਾ ਗਿਆ ਹੈ ਜੋ ਕਿ ਸਹੀ ਵ ਦਰੁਸਤ ਤੌਰ ਤੇ ਜੇਤੂ ਕਰਾਰ ਦਿੱਤਾ ਗਿਆ ਹੈ। ਵਕੀਲ ਰਸਪਾਡੰਟ ਨੇ ਬਹਿਸ ਦੇ ਅੰਤ ਵਿੱਚ ਕਿਹਾ ਪਟੀਸ਼ਨਰ ਪਟੀਸ਼ਨ ਰੱਦ ਕੀਤੀ ਜਾਵੇ।

ਪਟੀਸ਼ਨਰ ਵਕੀਲ ਨੇ ਬਹਿਸ ਦੌਰਾਨ ਕਿਹਾ ਕਿ ਪਟੀਸ਼ਨਰ ਨਛੱਤਰ ਸਿੰਘ ਅਤੇ ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਨੇ ਪਿੰਡ ਕਲਾਲਮਾਜਰਾ ਦੇ ਵਾਰਡ ਨੰ:02 ਦੇ ਪੰਚ ਦੀ ਚੋਣ ਲੜੀ ਸੀ। ਪਟੀਸ਼ਨਰ ਨਛੱਤਰ ਸਿੰਘ ਨੂੰ 108 ਵੋਟਾਂ ਪਈਆ ਸਨ ਅਤੇ ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਨੂੰ 103 ਵੋਟਾਂ ਪੋਲ ਹੋਈਆਂ ਸਨ ਅਤੇ ਚੋਣ ਅਮਲੇ ਵੱਲੋਂ ਵੋਟਾਂ ਦੀ ਗਿਣਤੀ ਕਰਨ ਉਪਰੰਤ ਮੌਕਾ ਪਰ ਪਟੀਸ਼ਨਰ ਨਛੱਤਰ ਸਿੰਘ ਨੂੰ ਵਾਰਡ ਨੰ:2 ਤੋ ਜੇਤੂ ਉਮੀਦਵਾਰ ਐਲਾਨ ਕਰ ਦਿੱਤਾ ਗਿਆ ਸੀ। ਚੋਣ ਅਮਲਾ ਰਸਪਾਡੰਟ ਨੰ:2-3 ਵੱਲੋਂ ਮੌਕਾ ਪਰ ਉਮੀਦਵਾਰ ਦੇ ਹੱਕ ਵਿੱਚ ਪਈਆਂ ਵੋਟਾ ਸਬੰਧੀ ਰਿਜਲਟ ਸੀਟ ਅੰਤਿਕਾ-9 ਅਤੇ ਫਾਰਮ ਨੰ:09 ਭਰਨ ਉਪਰੰਤ ਪਟੀਸ਼ਨਰ ਅਤੇ ਨਛੱਤਰ ਸਿੰਘ ਅਤੇ ਰਸਪਾਡੰਟ ਨੰ:01 ਦੇ ਦਸਤਖਤ/ਅੰਗੂਠੇ ਕਰਵਾ ਲਏ ਗਏ ਸਨ, ਪ੍ਰੰਤੂ ਚੋਣ ਅਮਲੇ ਰਸਪਾਡੰਟ ਨੰ:2-3 ਵੱਲੋਂ ਚੋਣ ਸਮੱਗਰੀ ਜਮ੍ਹਾਂ ਕਰਵਾਉਣ ਸਮੇਂ ਅੰਤਿਕਾ-9 ਅਤੇ ਫਾਰਮ ਨੰ:09 ਭਾਵ ਦੋਵੇ ਅਸਲ ਫਾਰਮ ਬਾਕੀ ਦੇ ਕਾਗਜਾਤ ਵਿੱਚ ਮਿਲ ਜਾਣ ਕਾਰਨ, ਰਸਪਾਡੰਟ ਨੰ:2-3 ਵੱਲੋਂ ਜਲਦਬਾਜੀ ਵਿੱਚ ਦੁਬਾਰਾ ਰਿਜਲਟ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਗਲਤ ਭਰ ਕੇ ਜਮ੍ਹਾਂ ਕਰਵਾ ਦਿੱਤੇ ਗਏ, ਜਿੰਨਾ ਪਰ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਨਹੀ ਹੋਏ ਹਨ। ਇਸ ਤਰ੍ਹਾਂ ਰਸਪਾਡੰਟ ਨੰ:2-3 ਵੱਲੋਂ ਦੁਬਾਰਾ ਭਰੇ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਵਿੱਚ ਗਲਤ ਰਿਜਲਟ ਭਾਵ ਕਿ ਪਟੀਸ਼ਨਰ ਨਛੱਤਰ ਸਿੰਘ ਨੂੰ ਪੋਲ ਹੋਈਆਂ ਵੋਟਾਂ ਦੀ ਗਿਣਤੀ 103 ਅਤੇ ਰਸਪਾਡੰਟ ਨੰ:2 ਗੁਰਪ੍ਰੀਤ ਸਿੰਘ ਨੂੰ 108 ਵੋਟਾ ਪੋਲ ਹੋਈਆ ਦਰਸਾ ਦਿੱਤੀਆ ਗਈਆ। ਇਸ ਤੋਂ ਉਪਰੰਤ ਪੀ.ਆਰ.ਓ. ਦੇ ਕਾਗਜਾਤ ਵਿੱਚੋ, ਰਸਪਾਡੈਟਾਨ ਨੰ:2-3 ਵੱਲੋਂ ਪਹਿਲਾਂ ਭਰੇ ਹੋਏ ਅੰਤਿਕਾ-IX ਅਤੇ ਫਾਰਮ ਨੰ:09 ਵੀ ਮਿਲ ਗਏ, ਜਿੰਨਾਂ ਪਰ ਪਟੀਸ਼ਨਰ ਰਸਪਾਡੈਂਟ ਨੰ:1 ਵਾ ਦੀਗਰ ਉਮੀਦਵਾਰਾਂ ਦੇ ਦਸਤਖਤ/ਅੰਗੂਠੇ ਕਰਵਾਏ ਹੋਏ ਸਨ। ਜਿਸ ਤੇ ਰਸਪਾਡੈਟਾਨ ਨੰ:2-3 ਵੱਲੋਂ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਜੀ ਪਾਸ ਪੰਚ ਦੇ ਰਿਜਲਟ ਦੀ ਦਰੁਸਤੀ ਸਬੰਧੀ ਦਰਖਾਸਤ ਵੀ ਦਿੱਤੀ ਗਈ। ਜਿਸ ਤੇ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਵੱਲੋਂ ਪੱ:ਨੰ:3227-28 ਮਿਤੀ 15-02-2019 ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ ਅਤੇ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ.ਨਗਰ ਮੋਹਾਲੀ ਨੂੰ ਲਿੱਖਕਰ ਸੋਧ ਕਰਨ ਦੀ ਪ੍ਰਵਾਨਗੀ ਮੰਗੀ। ਮਾਨਯੋਗ ਸਟੇਟ ਕਮਿਸ਼ਨਰ, ਪੰਜਾਬ ਵੱਲੋਂ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਜੀ ਨੂੰ ਆਪਣੇ ਪੱਤਰ ਮੀਮੋ ਨੰ: ਐਸਈਸੀ-2019/1606 ਮਿਤੀ 08-03-2019 ਰਾਹੀਂ ਰਿਜਲਟ ਮਜਕੂਰ ਠੀਕ ਕਰਨ ਸਬੰਧੀ ਸਿਰਫ ਇਲੈਕਸ਼ਨ ਪਟੀਸ਼ਨ ਦਾਇਰ ਕੀਤੀ ਜਾਣਾ ਹੀ ਹੱਲ ਦੱਸਿਆ ਗਿਆ। ਵਕੀਲ ਪਟੀਸ਼ਨਰ ਨੇ ਅੱਗੇ ਕਿਹਾ ਕਿ ਮਾਨਯੋਗ ਇਲੈਕਸ਼ਨ ਕਮਿਸ਼ਨਰ, ਪੰਜਾਬ ਜੀ ਦੇ ਪੱਤਰ ਦੇ ਸਬੰਧ ਵਿੱਚ ਪਟੀਸ਼ਨਰ ਨੂੰ ਕਿਸੇ ਵੀ ਅਧਿਕਾਰੀ ਵੱਲੋ ਕਿਸੇ ਵੀ ਤਰ੍ਹਾਂ ਨਾਲ ਕੋਈ ਸੂਚਨਾ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਪੱਤਰ ਜਾਰੀ ਕੀਤਾ ਗਿਆ। ਜਿਸ ਤੇ ਪਟੀਸ਼ਨਰ ਨੇ ਜੇਤੂ ਸਰਟੀਫਿਕੇਟ ਲੈਣ ਲਈ ਇੱਕ ਦਰਖਾਸਤ ਆਪ ਜੀ ਪਾਸ ਦਿੱਤੀ, ਜਿਸ ਤੇ ਵਧੀਕ ਜਿਲ੍ਹਾ ਇਲੈਕਟੋਰਲ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ (ਵਿ) ਬਰਨਾਲਾ ਵੱਲੋਂ ਸਟੇਟ ਇਲੈਕਸ਼ਨ ਕਮਿਸ਼ਨਰ ਪੰਜਾਬ ਦੇ ਪੱਤਰ ਦਾ ਹਵਾਲਾ ਦਿੰਦੇ ਹੋਏ, ਆਪਣੇ ਪੱਤਰ ਨੰ:1245 ਮਿਤੀ 07-11-2019 ਰਾਹੀ ਪਟੀਸ਼ਨਰ ਨੂੰ ਦੱਸਿਆ ਕਿ ਰਿਜਲਟ ਵਿੱਚ ਸੋਧ ਕੀਤੀ ਜਾਣ ਲਈ ਇਲੈਕਸ਼ਨ ਪਟੀਸ਼ਨ ਹੀ ਦਾਇਰ ਕੀਤੀ ਜਾ ਸਕਦੀ ਹੈ। ਜਿਸ ਕਾਰਨ ਮੌਜੂਦਾ ਪਟੀਸ਼ਨ ਦਾਇਰ ਕੀਤੀ ਗਈ। ਵਕੀਲ ਪਟੀਸ਼ਨਰ ਨੇ ਬਹਿਸ ਜਾਰੀ ਰੱਖਦੇ ਹੋਏ ਅੱਗੇ ਕਿਹਾ ਕਿ ਉਕਤ ਸਾਰੇ ਵਾਕਿਆਤ ਤੋ ਇਹ ਸਾਫ ਸਾਬਤ ਹੈ ਕਿ ਹਾਲੀਆ ਪੰਚਾਇਤੀ ਚੋਣਾਂ ਵਿੱਚ ਪਟੀਸ਼ਨਰ ਨੂੰ ਬਤੌਰ ਪੰਚ 108 ਵੋਟਾਂ ਪੋਲ ਹੋਣ ਕਾਰਨ, ਪਟੀਸ਼ਨਰ ਜੇਤੂ ਹੋਇਆ ਸੀ। ਜਿਸ ਦੀ ਬਾਬਤ ਮੌਕਾ ਪਰ ਰਿਜਲਟ ਵੀ ਤਿਆਰ ਕੀਤਾ ਗਿਆ ਸੀ, ਜੋ ਗੁੰਮ ਹੋ ਜਾਣ ਕਾਰਨ, ਰਸਪਾਡੈਟਾਨ ਨੰ:2-3 ਵੱਲੋਂ ਜਲਦਬਾਜੀ ਵਿੱਚ ਗਲਤ ਰਿਜਲਟ ਤਿਆਰ ਕਰਕੇ, ਰਸਪਾਡੈਂਟ ਨੰ:1 ਨੂੰ ਖਿਲਾਫ ਕਾਨੂੰਨ, ਖਿਲਾਫ ਵਾਕਿਆਤ ਜੇਤੂ ਕਰਾਰ ਦੇ ਦਿੱਤਾ ਸੀ, ਜਿਸ ਬਾਰੇ ਰਸਪਾਡੈਟਾਨ ਨੰ:2-3 ਨੇ ਆਪਣੀ ਗਲਤੀ ਮੰਨਦੇ ਹੋਏ, ਇਸ ਦੇ ਸੁਧਾਰ ਲਈ ਯਾਨਿ ਕਿ ਰਿਜਲਟ ਵਿੱਚ ਸੋਧ ਕੀਤੇ ਜਾਣ ਲਈ ਆਪਣੇ ਤੌਰ ਤੇ ਬਣਦੀ ਕਾਰਵਾਈ ਵੀ ਕੀਤੀ। ਇਸ ਸਾਰੀ ਕਾਰਵਾਈ ਵਿੱਚ ਇਲੈਕਸ਼ਨ ਪਟੀਸ਼ਨ ਦਾਇਰ ਕੀਤੀ ਜਾਣ ਦਾ ਹੀ ਸਿੱਟਾਂ ਨਿਕਲਿਆ। ਇਸ ਲਈ ਪਟੀਸ਼ਨਰ ਨੂੰ ਬਤੌਰ ਪੰਚ ਜੇਤੂ ਕਰਾਰ ਦਿੱਤਾ ਜਾਣਾ ਵਾਜਬ ਹੈ। ਸਹੁੰ ਚੁੱਕ ਸਮਾਗਮ ਵਿੱਚ ਪਟੀਸ਼ਨਰ ਨੂੰ ਬਤੌਰ ਜੇਤੂ ਪੰਚ, ਗਰਾਮ ਪੰਚਾਇਤ ਕਲਾਲ ਮਾਜਰਾ ਵਾਰਡ ਨੰ:02 ਵਜੋ ਸਹੁੰ ਵੀ ਚੁਕਵਾਈ ਜਾ ਚੁੱਕੀ ਹੈ। ਵਕੀਲ ਪਟੀਸ਼ਨਰ ਨੇ ਬਹਿਸ ਦੇ ਅੰਤ ਵਿੱਚ ਕਿਹਾ ਕਿ ਪਟੀਸ਼ਨ ਮੰਨਜੂਰ ਕਰਕੇ ਰਸਪਾਡੰਟ ਨੰ:1 ਦੀ ਚੋਣ ਬਤੌਰ ਪੰਚ ਰੱਦ ਕੀਤੀ ਜਾਵੇ ਅਤੇ ਪਟੀਸ਼ਨਰ ਸ੍ਰੀ ਨਛੱਤਰ ਸਿੰਘ ਨੂੰ ਗਰਾਮ ਪੰਚਾਇਤ ਕਲਾਲ ਮਾਜਰਾ ਦੇ ਵਾਰਡ ਨੰ:02 ਦਾ ਬਤੌਰ ਜੇਤੂ ਪੰਚ ਕਰਾਰ ਦਿੱਤਾ ਜਾਏ।

ਦੋਵੇ ਧਿਰਾਂ ਦੇ ਵਿਦਵਾਨ ਵਕੀਲ ਸਹਿਬਾਨ ਦੀ ਬਹਿਸ ਸੁਣਨ ਅਤੇ ਮਿਸਲ ਤੇ ਆਏ ਸਬੂਤਾਂ ਦਾ ਬਗੌਰ ਮਲਾਹਜਾ ਕਰਨ ਤੇ ਪਾਇਆ ਗਿਆ ਕਿ ਪਟੀਸ਼ਨਰ ਧਿਰ ਨੇ ਮੌਜੂਦਾ ਪਟੀਸ਼ਨ ਚੋਣ ਅਮਲੇ ਰਸਪਾਡੰਟ ਨੰ:2-3 ਵੱਲੋਂ ਗਲਤ ਤੌਰ ਤੇ ਚੋਣ ਰਿਜਲਟ ਅੰਤਿਕਾ-IX ਅਤੇ ਫਾਰਮ ਨੰ:09 ਤਿਆਰ ਕਰਕੇ, ਜਮ੍ਹਾਂ ਕਰਵਾਏ ਜਾਣ ਕਾਰਨ, ਰਸਪਾਡੰਟ ਨੰ:1 ਗੁਰਪ੍ਰੀਤ ਸਿਘ ਨੂੰ ਗਲਤ ਤੌਰ ਤੇ ਜੇਤੂ ਉਮੀਦਵਾਰ ਸਮਝੇ ਜਾਣ ਕਾਰਨ ਹੋਈ ਗਲਤੀ ਨੂੰ ਦਰੁਸਤ ਕਰਨ ਅਤੇ ਚੋਣ ਅਮਲੇ ਰਸਪਾਡੰਟ ਨੰ:2-3 ਵੱਲੋਂ ਚੋਣ ਸਮੱਗਰੀ ਜਮ੍ਹਾਂ ਕਰਵਾਉਣ ਸਮੇ, ਗਲਤ ਤੌਰ ਤੇ ਤਿਆਰ ਕੀਤੇ ਵਾ ਜਮ੍ਹਾਂ ਕਰਵਾਏ ਰਿਜਲਟ ਫਾਰਮ ਅੰਤਿਕਾ-IX ਅਤੇ ਫਾਰਮ ਨੰ:09 ਨੂੰ ਰੱਦ ਕਰਾਰ ਦੇ ਕੇ ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਦੀ ਇਸ ਗਲਤ ਚੋਣ ਰਿਜਲਟ ਦੇ ਆਧਾਰ ਤੇ ਹੋਈ ਚੋਣ ਨੂੰ ਰੱਦ ਕਰਾਰ ਦੇਣ ਅਤੇ ਸਹੀ ਚੋਣ ਰਿਜਲਟ ਅੰਤਿਕਾ-IX ਅਤੇ ਫਾਰਮ ਨੰ:09 ਜੋ ਕਿ ਚੋਣ ਅਮਲੇ ਵੱਲੋ ਬੂਥ ਪਰ ਵੋਟਾਂ ਦੀ ਗਿਣਤੀ ਤੋਂ ਬਾਅਦ ਤਿਆਰ ਕੀਤਾ ਗਿਆ ਸੀ, ਜਿਸ ਤੇ ਉਮੀਦਵਾਰਾ ਦੇ ਦਸਤਖਤ/ਅੰਗੂਠੇ ਕਰਵਾਏ ਗਏ ਸਨ, ਦੇ ਆਧਾਰ ਤੇ ਪਟੀਸ਼ਨਰ ਦੀ ਚੋਣ ਨੂੰ ਸਹੀ ਮੰਨਦੇ ਹੋਏ, ਪਟੀਸ਼ਨਰ ਸ੍ਰੀ ਨਛੱਤਰ ਸਿੰਘ ਨੂੰ ਪਿੰਡ ਕਲਾਲ ਮਾਜਰਾ ਵਾਰਡ ਨੰ:02 ਦਾ ਜੇਤੂ ਪੰਚ ਕਰਾਰ ਦਿੱਤੇ ਜਾਣ ਦੀ ਮੰਗ ਕੀਤੀ ਹੈ। ਪਟੀਸ਼ਨਰ ਵੱਲੋਂ ਆਪਣੀ ਮੌਜੂਦਾ ਪਟੀਸ਼ਨ ਵਿੱਚ ਜੋ ਤੱਥ ਦਰਸਾਏ ਗਏ ਹਨ ਉਹ ਪੂਰੀ ਤਰ੍ਹਾਂ ਸਾਬਤ ਹੁੰਦੇ ਹਨ। ਸ੍ਰੀ ਟਿੱਕਾ ਸਿੰਘ ਸੁਪਰਵਾਈਜਰ ਮਾਰਕਿਟ ਕਮੇਟੀ, ਮਹਿਲਕਲਾਂ ਜੋ ਕਿ ਬੂਥ ਨੰ:64 ਦੇ ਪ੍ਰਜਾਈਡਿੰਗ ਅਫਸਰ ਸਨ ਨੇ ਭੀ ਆਪਣੇ ਤਸਦੀਕ ਸੁਦਾ ਬਿਆਨ ਹਲਫੀਆ EXRW1/A ਰਾਹੀ ਉਨਾਂ ਦੁਆਰਾ ਚੋਣ ਰਿਜਲਟ ਅੰਤਿਕਾ-IX ਅਤੇ ਫਾਰਮ ਨੰ:09 ਵਿੱਚ ਹੋਈ ਗਲਤੀ ਨੂੰ ਮੰਨਿਆ ਹੈ ਅਤੇ ਗਲਤ ਰਿਜਲਟ ਜਮ੍ਹਾਂ ਕਰਵਾਏ ਜਾਣ ਨੂੰ ਭੀ ਮੰਨਿਆ ਹੈ ਅਤੇ ਇਹ ਭੀ ਮੰਨਿਆ ਹੈ ਕਿ

ਪਟੀਸ਼ਨਰ/ਉਮੀਦਵਾਰ ਸ੍ਰੀ ਨਛੱਤਰ ਸਿਘ ਨੂੰ 108 ਵੋਟਾ ਪੋਲ ਹੋਈਆ ਸਨ ਅਤੇ ਰਸਪਾਡੰਟ ਨੰ:1/ਉਮੀਦਵਾਰ ਸ੍ਰੀ ਗੁਰਪ੍ਰੀਤ ਸਿੰਘ ਨੂੰ 103 ਵੋਟਾਂ ਪੋਲ ਹੋਈਆਂ ਸਨ। ਪ੍ਰਜਾਈਡਿੰਗ ਅਫਸਰ ਟਿੱਕਾ ਸਿੰਘ ਨੇ ਇਹ ਭੀ ਮੰਨਿਆ ਕਿ ਇਹ ਸਭ ਕੁੱਝ ਉਨਾਂ ਪਾਸੋ ਚੋਣ ਸਮੱਗਰੀ ਜਮ੍ਹਾਂ ਕਰਵਾਉਣ ਵਕਤ ਅਸਲ ਤਿਆਰ ਕੀਤਾ ਰਿਜਲਟ ਅੰਤਿਕਾ-IX ਅਤੇ ਫਾਰਮ ਨੰ:09, ਉਹਨਾਂ ਪਾਸ ਮੌਜੂਦਾ ਹੋਰ ਕਾਗਜਾਤ ਵਿੱਚ ਮਿਲ ਜਾਣ ਕਾਰਨ ਅਤੇ ਮੌਕਾ ਤੇ ਨਾਂ ਮਿਲਣ ਕਾਰਨ ਜਲਦਬਾਜੀ ਵਿੱਚ ਗਲਤ ਰਿਜਲਟ ਤਿਆਰ ਕਰਕੇ ਅੰਤਿਕਾ-IX ਅਤੇ ਫਾਰਮ ਨੰ:09 ਜਮ੍ਹਾਂ ਕਰਵਾ ਦਿੱਤਾ ਗਿਆ ਸੀ, ਪ੍ਰੰਤੂ ਬਾਅਦ ਵਿੱਚ ਪੀ.ਆਰ.ਓ.ਦੇ ਕਾਗਜਾਤ ਵਿੱਚੋ ਅਸਲ ਰਿਜਲਟ ਅੰਤਿਕਾ-IX ਅਤੇ ਫਾਰਮ ਨੰ:09 ਮਿਲ ਜਾਣ ਤੇ ਰਿਜਲਟ ਵਿੱਚ ਦਰੁਸਤੀ ਲਈ ਮਾਨਯੋਗ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਜੀ ਪਾਸ ਮਿਤੀ 14-01-2019 ਨੂੰ ਇੱਕ ਦਰਖਾਸਤ ਭੀ ਦੇ ਦਿੱਤੀ ਸੀ। ਇਸ ਕੇਸ ਵਿੱਚ ਅਸਲ ਰਿਜਲਟ ਭੀ ਤਲਬ ਕੀਤਾ ਗਿਆ, ਸ੍ਰੀ ਗੁਰਪ੍ਰੀਤ ਸਿੰਘ ਟੈਕਸ ਕਲੈਕਟਰ ਪੰਚਾਇਤ ਸੰਮਤੀ, ਬਰਨਾਲਾ ਦਫਤਰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਬਰਨਾਲਾ ਨੇ ਆਪਣਾ ਬਿਆਨ ਦਰਜ ਕਰਵਾ ਕੇ ਰਸਪਾਡੰਟ ਨੰ:2-3 ਵੱਲੋ ਤਿਆਰ ਕੀਤਾ ਗਲਤ ਰਿਜਲਟ ਅੰਤਿਕਾ-IX, EXP-1 ਅਤੇ ਫਾਰਮ ਨੰ:09 EXP-2 ਦੀ ਫੋਟੋ ਕਾਪੀਆਂ ਪੇਸ਼ ਕੀਤੀਆਂ ਅਤੇ ਰਿਜਲਟ ਦਰੁਸਤੀ ਸਬੰਧੀ ਪੱਤਰ ਨੰ: 3227-28 ਮਿਤੀ 15-02-2019 ਫੋਟੋ ਕਾਪੀ EX-P3, ਪੱਤਰ ਨੰ:SEC-SA-2019/1606 ਮਿਤੀ 08-03-2019 EXP-4, ਦਰਖਾਸਤ ਮਿਤੀ 14-01-2019 ਬਾਬਤ ਪੰਚ ਰਿਜਲਟ ਦਰੁਸਤੀ EXP-5 ਫੋਟੋ ਕਾਪੀ, ਸਬੰਧਤ ਕਰਮਚਾਰੀ ਨੇ ਦਰੁਸਤ ਰਿਜਲਟ ਫਾਰਮ ਨੰ:09 EX-P6, ਅੰਤਿਕਾ-IX EXP-7 ਫੋਟੋ ਕਾਪੀਆਂ ਅਤੇ ਅਸਲ ਹਿਕਾਰਡ ਭੀ ਮਿਸਲ ਤੇ ਪੇਸ਼ ਕੀਤਾ। ਸ੍ਰੀ ਗੁਰਪ੍ਰੀਤ ਸਿੰਘ ਟੈਕਸ ਕਲੈਕਟਰ ਵੱਲੋ ਮਿਸਲ ਤੇ ਪੇਸ਼ ਕੀਤੇ ਉਕਤ ਦਸਤਾਵੇਜਾ ਤੋਂ ਇਹ ਪੂਰੀ ਤਰ੍ਹਾਂ ਸਾਬਤ ਹੁੰਦਾ ਹੈ ਕਿ ਪ੍ਰਜਾਈਡਿੰਗ ਅਫਸਰ ਰਸਪਾਡੰਟ ਨੰ:2 ਵਾ 3 ਵੱਲੋਂ ਜਲਦਬਾਜੀ ਵਿੱਚ ਗਲਤ ਰਿਜਲਟ ਤਿਆਰ ਕਰਕੇ ਜਮ੍ਹਾਂ ਕਰਵਾਇਆ ਗਿਆ ਹੈ। ਜਿਸ ਦੀ ਪੁਸ਼ਟੀ ਮਾਨਯੋਗ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਜੀ ਵੱਲੋਂ ਮਾਨਯੋਗ ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ ਅਤੇ ਮਾਨਯੋਗ ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਪੰਜਾਬ, ਐਸ.ਏ.ਐਸ.ਨਗਰ ਮੋਹਾਲੀ ਨੂੰ ਜਾਰੀ ਪੱਤਰ ਨੰ:3227-28 ਮਿਤੀ 15-02-2019 ਤੋਂ ਭੀ ਹੁੰਦੀ ਹੈ। ਜਿਸ ਦੀ ਕਾਪੀ EX-P3, ਮਿਸਲ ਤੇ ਸ਼ਾਮਲ ਹੈ। ਜਿਸ ਵਿੱਚ ਮਾਨਯੋਗ ਜਿਲਾ ਇਲੈਕਟੋਰਲ ਅਫਸਰ-ਕਮ-ਡਿਪਟੀ ਕਮਿਸ਼ਨਰ, ਬਰਨਾਲਾ ਜੀ ਵੱਲੋਂ ਭੀ ਚੋਣ ਅਮਲਾ ਸਬੰਧਤ ਏ.ਪੀ.ਆਰ.ਓ ਵੱਲੋਂ ਗਲਤ ਰਿਜਲਟ ਜਮ੍ਹਾਂ ਕਰਵਾਏ ਜਾਣ ਦੀ ਗੱਲ ਨੂੰ ਮੰਨਿਆ ਹੈ ਅਤੇ ਇਸ ਗਲਤ ਰਿਜਲਟ ਦੀ ਦਰੁਸਤੀ ਸਬੰਧੀ ਉਕਤ ਪੱਤਰ ਵਿੱਚ ਲਿਖਿਆ ਹੈ ਕਿ *ਸਬੰਧਤ ਪੀ.ਆਰ.ਓ ਏ.ਪੀ.ਆਰ.ਓ. ਅਤੇ ਸਬੰਧਤ ਉਮੀਦਵਾਰਾਂ ਦੀ ਲਿਖਤੀ ਬੇਨਤੀ ਨੂੰ ਵਿਚਾਰਨ ਤੋਂ ਬਾਅਦ ਫੈਸਲਾ ਕੀਤਾ ਗਿਆ ਕਿ ਗਰਾਮ ਪੰਚਾਇਤ ਕਲਾਲ ਮਾਜਰਾ ਬਲਾਕ ਮਹਿਲਕਲਾਂ ਦੇ ਵਾਰਡ ਨੰ:02 ਵਿੱਚ ਸ੍ਰੀ ਨਛੱਤਰ ਸਿੰਘ ਨੂੰ ਜੇਤੂ ਕਰਾਰ ਦੇਣਾ ਬਣਦਾ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨੋਟੀਫਿਕੇਸ਼ਨ ਵਿੱਚ ਲੋੜੀਂਦੀ ਸੋਧ ਕਰਨ ਦੀ ਖੇਚਲ ਕੀਤੀ ਜਾਵੇ ਜੀ।* ਇਸ ਤਰ੍ਹਾਂ ਇਹ ਪੂਰੀ ਤਰ੍ਹਾਂ ਸਾਬਤ ਹੋ ਜਾਂਦਾ ਹੈ ਕਿ ਚੋਣ ਅਮਲੇ ਰਸਪਾਡੰਟ ਨੰ:2-3 ਵੱਲੋਂ ਜਲਦਬਾਜੀ ਵਿੱਚ ਕੀਤੀ ਗਲਤੀ ਦੇ ਕਾਰਨ ਰਿਜਲਟ ਫਾਰਮ ਅੰਤਿਕਾ-IX ਐਗਜੀਵਿਟ-ਪੀ-1 ਅਤੇ ਫਾਰਮ ਨੰ:09 ਐਗਜੀਵਿਟ-ਪੀ-2 ਵਿੱਚ ਰਸਪਾਡੰਟ ਨੰ:1 ਗੁਰਪ੍ਰੀਤ ਸਿੰਘ ਨੂੰ ਗਲਤ ਤੌਰ ਤੇ 108 ਵੋਟਾਂ ਪੋਲ ਹੋਈਆਂ ਦਰਸਾਕੇ ਗਲਤ ਤੌਰ ਤੇ ਜੇਤੂ ਹੋਣ ਦਰਸਾਇਆ ਗਿਆ ਹੈ। ਜਦ ਕਿ ਅਸਲ ਵਿੱਚ ਪਿੰਡ ਕਲਾਲਮਾਜਰਾ ਦੇ ਵਾਰਡ ਨੰ:02 ਦੇ ਪੰਚ ਦੀ ਹੋਈ ਚੋਣ ਵਿੱਚ ਉਮੀਦਵਾਰ ਸ੍ਰੀ ਨਛੱਤਰ ਸਿੰਘ ਨੂੰ 108 ਵੋਟਾ ਪੋਲ ਹੋਈਆ ਹਨ ਅਤੇ ਦੂਸਰੇ ਉਮੀਦਵਾਰ ਸ੍ਰੀ ਗੁਰਪ੍ਰੀਤ ਸਿੰਘ ਨੂੰ 103 ਵੋਟਾਂ ਪੋਲ ਹੋਈਆ ਸਨ ਅਤੇ ਅਸਲ ਵਿੱਚ ਪਟੀਸ਼ਨਰ/ਉਮੀਦਵਾਰ ਸ੍ਰੀ ਨਛੱਤਰ ਸਿੰਘ ਹੀ ਜੇਤੂ ਉਮੀਦਵਾਰ ਹੈ ਅਤੇ ਦਰੁਸਤ ਰਿਜਲਟ ਕਾਪੀ ਫਾਰਮ ਨੰ:09 ਐਗਜੀਵਿਟ-ਪੀ-6 ਅੰਤਿਕਾ-IX ਐਗਜੀਵਿਟ-ਪੀ-7 ਮਿਸਲ ਤੇ ਸ਼ਾਮਲ ਹੈ। ਲਿਹਾਜਾ ਉਕਤ ਸਥਿਤੀ ਵਿੱਚ ਪਟੀਸ਼ਨਰ ਧਿਰ ਦੀ ਇਹ ਮੌਜੂਦਾ ਚੋਣ ਪਟੀਸ਼ਨ ਮੰਨਜੂਰ ਕਰਦੇ ਹੋਏ ਰਿਜਲਟ ਵਿੱਚ ਦਰੁਸਤੀ ਕੀਤੀ ਜਾਣੀ ਉਚਿਤ ਹੈ ਅਤੇ ਉਮੀਦਵਾਰ ਸ੍ਰੀ ਨਛੱਤਰ ਸਿੰਘ ਨੂੰ ਵਾਰਡ ਨੰ:2 ਪਿੰਡ ਕਲਾਲਮਾਜਰਾ ਦਾ ਜੇਤੂ ਪੰਚ ਉਮੀਦਵਾਰ ਐਲਾਨ ਦਿੰਦੇ ਹੋਏ, ਰਸਪਾਡੰਟ ਨੰ:1 ਸ੍ਰੀ ਗੁਰਪ੍ਰੀਤ ਸਿੰਘ ਦੀ ਗਲਤ ਤੌਰ ਤੇ ਹੋਈ ਪੰਚ ਚੋਣ ਨੂੰ ਰੱਦ ਕੀਤਾ ਜਾਣਾ ਉਚਿਤ ਹੈ।

ਲਿਹਾਜਾ ਉਪਰੋਕਤ ਹਾਲਤਾਂ ਵਿੱਚ ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ, 1994 ਦੀ ਧਾਰਾ 87 (C) ਤਹਿਤ ਪਟੀਸ਼ਨਰ ਧਿਰ ਦੀ ਇਹ ਚੋਣ ਪਟੀਸ਼ਨ ਮੰਨਜੂਰ ਕੀਤੀ ਜਾਂਦੀ ਹੈ, ਰਸਪਾਡੰਟ ਨੰ:1 ਸ੍ਰੀ ਗੁਰਪ੍ਰੀਤ ਸਿੰਘ ਪੁੱਤਰ ਪ੍ਰਕਾਸ਼ ਸਿੰਘ ਦੀ ਚੋਣ ਅਮਲੇ ਦੀ ਗਲਤੀ ਕਾਰਨ ਗਲਤ ਤੌਰ ਤੇ ਬਤੌਰ ਪੰਚ ਹੋਈ ਚੋਣ ਰੱਦ ਕੀਤੀ ਜਾਂਦੀ ਹੈ ਅਤੇ ਪਟੀਸ਼ਨਰ ਸ੍ਰੀ ਨਛੱਤਰ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਕਲਾਲਮਾਜਰਾ ਨੂੰ ਮਿਤੀ 30-12-2018 ਨੂੰ ਪਿੰਡ ਕਲਾਲਮਾਜਰਾ ਦੇ ਵਾਰਡ ਨੰ:2 ਦੇ ਪੰਚ ਦੀ ਹੋਈ ਚੋਣ ਦੌਰਾਨ ਬਤੌਰ ਜੇਤੂ ਪੰਚ ਉਮੀਦਵਾਰ ਐਲਾਨ ਕੀਤਾ ਜਾਂਦਾ ਹੈ। ਮਿਸਲ ਬਾਅਦ ਤਮੀਲ ਵ ਤਕਮੀਲ ਹਸਬ-ਜਾਬਤਾ ਦਾਖਲ ਰਿਕਾਰਡ ਰੂਮ ਹੋਵੇ।

11 ਦਸੰਬਰ 2020

ਸਹੀ/-
ਚੋਣ ਟ੍ਰਿਬਿਊਨਲ
-ਕਮ-ਉਪ ਮੰਡਲ ਮੈਜਿਸਟਰੇਟ,
ਬਰਨਾਲਾ।

3755/6-2026/Pb. Govt. Press, S.A.S. Nagar